Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 19*Issue 30 | Tuesday, February 18, 2020 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

TOP 4% TREB REALTOR 2018
"Believe In The Best"
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Best Insurance Rates
Auto ▪ Home ▪ Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axael Insurance Brokers Ltd.
Address: 1550 South Gateway Rd. Suite 220 Mississauga, ON L4W 5G6

# ਦੇਸ਼ ਭਰ 'ਚ ਚੱਲ ਰਹੇ ਮੁਜ਼ਾਹਰਿਆਂ ਦਾ ਜਲਦ ਤੇ ਸ਼ਾਂਤਮਈ ਹੱਲ ਚਾਹੁੰਦੀ ਹੈ ਫੈਡਰਲ ਸਰਕਾਰ

ਓਟਵਾ, 17 ਫਰਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਦੇਸ਼ ਦੇ ਵੱਡੇ ਹਿੱਸੇ ਵਿੱਚ ਰੇਲ ਸਿਸਟਮ ਨੂੰ ਠੱਪ ਕਰਨ ਲਈ ਕੀਤੇ ਜਾ ਰਹੇ ਮੁਜ਼ਾਹਰਿਆਂ ਤੇ ਰੇਲਵੇ ਟਰੈਕਸ ਬੰਦ ਕਰਨ ਲਈ ਜ਼ਿੰਮੇਵਾਰ ਕਾਰਨ ਦਾ ਜਲਦ ਤੇ ਸ਼ਾਂਤਮਈ ਹੱਲ ਲੱਭਣ ਲਈ ਸਰਕਾਰ ਪੂਰਾ ਜ਼ੋਰ ਲਾ ਰਹੀ ਹੈ।



ਸੋਮਵਾਰ ਨੂੰ ਇੰਸੀਡੈਂਟ ਰਿਸਪਾਂਸ ਗਰੁੱਪ ਨਾਲ ਮੁਲਾਕਾਤ ਤੋਂ ਬਾਅਦ ਟਰੂਡੋ ਨੇ ਉਕਤ ਗੱਲ ਆਖੀ। ਫਾਈਲ ਨਾਲ ਸਬੰਧਤ ਉੱਘੇ ਇੰਡੀਜੀਨਸ ਸਰਵਿਸਿਜ਼ ਮੰਤਰੀ ਮਾਰਕ ਮਿਲਰ ਨੇ ਆਖਿਆ ਕਿ ਇਸ ਸਥਿਤੀ ਦੀ ਤੀਬਰਤਾ ਵਿੱਚ ਕਮੀ ਲਿਆਉਣਾ ਕਈ ਲੋਕਾਂ ਲਈ ਕਾਫੀ ਦਰਦਨਾਕ ਹੋਵੇਗਾ। ਟਰੂਡੋ ਨੇ ਆਖਿਆ ਕਿ ਉਹ ਇਸ ਗੱਲ ਨੂੰ ਸਮਝਦੇ ਹਨ ਕਿ ਦੇਸ਼ ਭਰ ਵਿੱਚ ਕਈ ਕੈਨੇਡੀਅਨਾਂ ਤੇ ਕਈ ਲੋਕਾਂ ਤੇ ਪਰਿਵਾਰਾਂ ਲਈ ਇਹ ਕਿੰਨਾ ਮੁਸ਼ਕਲ ਹੈ। ਅਸੀਂ ਜਲਦ ਤੋਂ ਜਲਦ ਇਸ ਮਸਲੇ ਦਾ ਸ਼ਾਂਤਮਈ ਹੱਲ ਲੱਭਣਾ ਚਾਹੁੰਦੇ ਹਾਂ।

ਇਨਸੀਡੈਂਟ ਰਿਸਪਾਂਸ ਗਰੁੱਪ, ਜਿਸ ਵਿੱਚ ਉੱਚ ਅਹੁਦਿਆਂ ਵਾਲੇ ਸੀਨੀਅਰ ਕੈਬਨਿਟ ਮੰਤਰੀ ਸ਼ਾਮਲ ਹਨ, ਉੱਤਰੀ ਬੀਸੀ ਵਿੱਚ ਵੈਟਸੁਵੈਟਨ ਟੈਰੀਟਰੀ ਵਿੱਚੋਂ ਲੰਘਣ ਵਾਲੀ ਨੈਚੁਰਲ ਗੈਸ ਪਾਈਪਲਾਈਨ ਵਿਛਾਏ ਜਾਣ ਨੂੰ ਲੈ ਕੇ ਛਿੜੇ ਵਿਵਾਦ ਬਾਰੇ ਵਿਚਾਰ ਵਟਾਂਦਰਾ ਕਰ ਰਿਹਾ ਸੀ। ਟਰੂਡੋ ਨੇ ਆਖਿਆ ਕਿ ਇਨਸੀਡੈਂਟ ਰਿਸਪਾਂਸ ਗਰੁੱਪ ਨਾਲ ਅੱਜ ਸਵੇਰੇ ਹੋਈ ਮੀਟਿੰਗ ਵਧੀਆ ਰਹੀ। ਇਸ ਦੌਰਾਨ ਉਨ੍ਹਾਂ ਵੱਲੋਂ ਕਈ ਮੂਲਵਾਸੀ ਆਗੂਆਂ ਤੇ ਕਈ ਪ੍ਰੀਮੀਅਰਜ਼ ਨੂੰ ਵੀ ਫੋਨ ਕੀਤੇ ਗਏ। ...ਬਾਕੀ ਪੰਨਾ 6 'ਤੇ

## ਪਾਕਿਸਤਾਨ ਯਾਤਰਾ ਭਾਗ - 2

# ਹਾਸੇ ਠੱਠੇ ਅਤੇ ਇਕਾਗਰ ਬਿਰਤੀ ਦਾ ਦਿਨ



-ਜਗਦੀਸ਼ ਗਰੇਵਾਲ-

ਜਿਵੇਂ ਪਿਛਲੇ ਆਰਟੀਕਲ ਵਿੱਚ ਜ਼ਿਕਰ ਕੀਤਾ ਸੀ, ਅਸੀਂ ਲਾਹੌਰ ਤੋਂ ਪੰਜ ਘੰਟਿਆਂ ਦਾ ਸਫ਼ਰ ਤੈਅ ਕਰਕੇ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਪੁੱਜੇ। ਇੱਥੇ ਅਸੀਂ ਹੋਟਲ ਮਾਰਗੇਲਾ ਵਿੱਚ ਮੁਕਾਮ ਕੀਤਾ। ਇੱਕ ਕਰੋੜ ਤੋਂ ਵੱਧ ਆਬਾਦੀ ਵਾਲੇ ਇਸ ਸ਼ਹਿਰ ਦੀ ਖਾਸੀਅਤ ਹੈ ਕਿ ਇਹ ਮਾਰਗੇਲਾ ਪਹਾੜੀ ਰੇਂਜ ਦੀ ਕੁੱਖ ਵਿੱਚ ਵੱਸਿਆ ਹੋਇਆ ਹੈ ਜਿਵੇਂ ਚੰਡੀਗੜ ਦਾ ਨਿਵਾਸ ਸ਼ਿਵਾਲਿਕ ਪਹਾੜੀਆਂ ਦੇ ਗੋਦ ਵਿੱਚ ਹੈ। ਇਹ ਅਮੀਰ ਅਤੇ ਮੱਧ ਵਰਗੀ ਲੋਕਾਂ ਦਾ ਸ਼ਹਿਰ ਹੈ ਜਿੱਥੇ ਪਾਕਿਸਤਾਨ ਦੇ ਆਮ ਨਾਗਰਿਕਾਂ ਦੀਆਂ ਲੋੜਾਂ ਥੋੜਾਂ ਘੱਟ ਹੀ ਵੇਖਣ ਨੂੰ ਮਿਲਦੀਆਂ ਹਨ। ਸਿਆਸਤਦਾਨਾਂ, ਡਿਪਲੋਮੈਟਾਂ, ਬਿਊਰੋਕਰੇਟਾਂ ਅਤੇ ਵੱਡੇ ਵਿਉਪਾਰੀਆਂ ਦੇ ਇਸ ਸ਼ਹਿਰ ਦੇ ਨਾਮ ਦਾ ਅਰਥ 'ਇਸਲਾਮ ਦਾ ਸ਼ਹਿਰ' ਹੈ। ਇਸ ਸ਼ਹਿਰ ਨੂੰ ਪਾਕਿਸਤਾਨ ਦੀ 'ਸਿਆਸਤ ਦਾ ਧੁਰਾ' ਆਖਿਆ ਜਾਂਦਾ ਹੈ ਕਿਉਂਕਿ ਦੇਸ਼ ਦੇ ਸਿਆਸਤਦਾਨਾਂ ਵੱਲੋਂ ਸੱਤਾ ਦੀਆਂ ਜੋੜਾਂ ਗੰਢਾਂ ਇੱਥੇ ਹੀ ਗੰਢੀਆਂ ਜਾਂਦੀਆਂ ਹਨ। ਪਾਕਿਸਤਾਨ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਅਤੇ ਕਈ ਹੋਰ ਵਿੱਦਿਅਕ ਅਦਾਰੇ ਵੀ ਇੱਥੇ ਮੌਜੂਦ ਹਨ ਜਿਸ ਬਦੌਲਤ ਸ਼ਹਿਰ ਦੀ ਸਾਖਰਤਾ ਦਰ ਪਾਕਿਸਤਾਨ ਦੀ 58% ਦੇ ਮੁਕਾਬਲੇ 98% ਹੈ।

...ਬਾਕੀ ਪੰਨਾ 6 'ਤੇ

NOW HIRING !!!
ALLKIND INSURANCE
• Life Insurance • Critical illness Ins • Travel & Visitor Ins • RESP & TFSA & RRSP
• Super Visa Insurance • Mortgage Insurance • Disability Insurance • Funeral Insurance
SIMRAN SAINI 416.994.7272
www.allkindinsurance.com

# ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਡਵਾਈਟ ਬਾਲ ਵੱਲੋਂ ਅਸਤੀਫੇ ਦਾ ਐਲਾਨ

ਟੋਰਾਂਟੋ, 17 ਫਰਵਰੀ (ਪੋਸਟ ਬਿਊਰੋ) : ਨਿਊਫਾਊਂਡਲੈਂਡ ਐਂਡ ਲੈਬਰਾਡੋਰ ਦੇ ਪ੍ਰੀਮੀਅਰ ਡਵਾਈਟ ਬਾਲ ਵੱਲੋਂ ਅਚਾਨਕ ਹੀ ਆਪਣਾ ਅਹੁਦਾ ਛੱਡਣ ਦਾ




ਐਲਾਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ ਉਹ ਹੁਣ ਬਹੁਤਾ ਸਮਾਂ ਆਪਣੇ ਪਰਿਵਾਰ ਨਾਲ ਗੁਜ਼ਾਰਨਾ ਚਾਹੁੰਦੇ ਹਨ। ਇੱਕ ਵੀਡੀਓ ਬਿਆਨ ਵਿੱਚ ਉਨ੍ਹਾਂ ਆਖਿਆ ਕਿ ਉਹ ਆਪਣੇ ਹਲਕਾ ਵਾਸੀਆਂ ਨੂੰ ਧੰਨਵਾਦ ਦੇਣਾ ਚਾਹੁੰਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਹਮੇਸ਼ਾਂ ਆਪਣੀ ਪ੍ਰੋਵਿੰਸ ਦੇ ਵਾਸੀਆਂ ਦੇ ਬਿਹਤਰ ਹਿਤਾਂ ਲਈ ਹੀ ਕੰਮ ਕੀਤਾ। ਪਰ ਹੁਣ ਸਿਆਸਤ ਨੂੰ ਅਲਵਿਦਾ ਆਖਣ ਦਾ ਸਮਾਂ ਆ ਗਿਆ ਹੈ। ਹੁਣ ਡੀਅਰ ਲੇਕ ਸਥਿਤ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਵੱਧ ਤੋਂ ਵੱਧ ਸਮਾਂ ਗੁਜ਼ਾਰਨ ਤੇ ਪ੍ਰਾਈਵੇਟ ਜ਼ਿੰਦਗੀ ਗੁਜ਼ਾਰਨ ਦਾ ਸਮਾਂ ਆ ਗਿਆ ਹੈ।

ਬਾਲ ਨੇ ਅੱਗੇ ਆਖਿਆ ਕਿ ਉਨ੍ਹਾਂ ਪ੍ਰੋਵਿੰਸ਼ੀਅਲ ਲਿਬਰਲ ਪਾਰਟੀ ਦੇ ਪ੍ਰੈਜ਼ੀਡੈਂਟ ਨੂੰ ਵੀ ਜਲਦ ਤੋਂ ਜਲਦ ਉਨ੍ਹਾਂ ਦਾ ਬਦਲ ਤਲਾਸ਼ਣ ਲਈ ਆਖ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇੱਕ ਦਹਾਕੇ ਤੱਕ ਸਰਗਰਮ ਸਿਆਸੀ ਜ਼ਿੰਦਗੀ ਜਿਊਣ, ਅੱਠ ਸਾਲਾਂ ਤੱਕ ਲਿਬਰਲ ਆਗੂ ਰਹਿਣ ਤੇ ਪ੍ਰੀਮੀਅਰ ਵਜੋਂ ਪੰਜ ਸਾਲ ਬਿਤਾਉਣ ਤੋਂ ਬਾਅਦ ਹੁਣ ਜਾ ਕੇ ਉਨ੍ਹਾਂ ਨੂੰ ਸਿਆਸਤ ਨੂੰ ਅਲਵਿਦਾ ਆਖਣ ਦਾ ਮਨ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਲੀਡਰਸ਼ਿਪ ਦੌੜ ਨਵੇਂ ਆਈਡੀਆਜ਼ ਤੇ ਨਜ਼ਰੀਆ ਲਿਆਵੇਗੀ।

ਬਾਲ ਨੇ ਆਖਿਆ ਕਿ ਉਹ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਹਾਊਸ ਆਫ ਅਸੈਂਬਲੀ ਵਿੱਚ ਡਿਸਟ੍ਰਿਕਟ ਆਫ ਹੰਬਰ-ਗ੍ਰੋਸ ਮੌਰਨ ਦੀ ਨੁਮਾਇੰਦਗੀ ਕਰਨੀ ਜਾਰੀ ਰੱਖਣਗੇ। ਨਵਾਂ ਆਗੂ ਚੁਣੇ ਜਾਣ ਤੱਕ ਉਨ੍ਹਾਂ ਪ੍ਰੀਮੀਅਰ ਦੀ ਭੂਮਿਕਾ ਨਿਭਾਉਣੀ ਜਾਰੀ ਰੱਖਣ ਦਾ ਵੀ ਭਰੋਸਾ ਦਿਵਾਇਆ।

## ਧਰਮਸ਼ਾਲਾ ਗੁਰੂ ਨਾਨਕ ਦੇਵ ਜੀ, ਡੇਰਾ ਇਸਮਾਈਲ ਖਾਂ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਛੋਟਾ ਨਾਨਕਿਆਣਾ, ਸਿਰਦੂ, ਅਜ਼ਾਦ ਕਸ਼ਮੀਰ ਦੀ ਹੈ। ..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

INSURANCE
○Home ○Auto ○Business ○Trucking ○Life Insurance ○Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

RESIDENTIAL MORTGAGE
ਹਰ ਤਰ੍ਹਾਂ ਦੀਆਂ ਮੋਰਟਗੇਜ ਦੀਆਂ ਸੇਵਾਵਾਂ ਜਿਵੇਂ :
⇨Purchase ⇨Refinance ⇨Self Employed
Special Rate & Package for Mortgage
Call today !! 647•964•0060
gurvinder.mangat@nbc.ca
NATIONAL BANK 10520 Torbram Rd, Brampton, ON L6R 3N9
GURVINDER MANGAT Mortgage Development Manager

JOSHI LAW OFFICE
Barrister, Solicitor & Notary Public
info@joshilawoffice.com | joshilawoffice.com
✧Immigration ✧Real Estate / Commercial Law ✧Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780 905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HSBA Tax Services
20% Discount For Students, New Immigrants and Senior Citizens
➢ Personal / Corporation Tax
➢ Accounting / Bookkeeping
➢ Business Registrations
➢ HST/WSIB/Payroll
➢ Financial Statements/Audits
➢ Mortgages and Loans
647-720-5278 PRABHJOT KAUR (Sr. Accountant, M.B.A)
77-100 Maritime Ontario Blvd.,Brampton, ON L6S 0E7

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਮਾਲ ਦੇ ਬਾਹਰ ਚੱਲੀ ਗੋਲੀ ਵਿੱਚ ਦੋ ਜ਼ਖ਼ਮੀ




ਟੋਰਾਂਟੋ, 17 ਫਰਵਰੀ (ਪੋਸਟ ਬਿਊਰੋ) : ਐਤਵਾਰ ਰਾਤ ਨੂੰ ਥੌਰਨਹਿੱਲ ਮਾਲ ਦੇ ਬਾਹਰ ਗੋਲੀਆਂ ਚਲਾਉਣ ਵਾਲੇ ਨਕਾਬਪੋਸ਼ ਵਿਅਕਤੀ ਦੀ ਯੌਰਕ ਰੀਜਨਲ ਪੁਲਿਸ ਤੇਜ਼ੀ ਨਾਲ ਭਾਲ ਕਰ ਰਹੀ ਹੈ। ਇਸ ਗੋਲੀਕਾਂਡ ਵਿੱਚ 17 ਅਤੇ 30 ਸਾਲਾ ਵਿਅਕਤੀ ਜ਼ਖ਼ਮੀ ਹੋ ਗਏ।

ਗੋਲੀਆਂ ਚੱਲਣ ਦੀ ਰਿਪੋਰਟ ਮਿਲਣ ਤੋਂ ਠੀਕ ਪਹਿਲਾਂ ਰਾਤੀਂ 9:00 ਵਜੇ ਬਾਥਰਸਟ ਤੇ ਸੈਂਟਰ ਸਟਰੀਟਸ ਉੱਤੇ ਸਥਿਤ ਪ੍ਰੌਮੇਨੇਡ ਮਾਲ ਦੇ ਪਾਰਕਿੰਗ ਲੌਟ ਵਿੱਚ ਐਮਰਜੰਸੀ ਅਮਲੇ ਨੂੰ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਮੌਕੇ ਉੱਤੇ ਪਹੁੰਚਣ ਉੱਤੇ ਉਨ੍ਹਾਂ ਇੱਕ ਜ਼ਖ਼ਮੀ ਵਿਅਕਤੀ ਨੂੰ ਗ੍ਰੇਅ ਰੰਗ ਦੀ ਸੇਡਾਨ ਦੇ ਅੰਦਰ ਪਾਇਆ ਤੇ ਦੂਜਾ ਵਿਅਕਤੀ ਉਨ੍ਹਾਂ ਨੂੰ ਗੱਡੀ ਦੇ ਬਾਹਰ ਮਿਲਿਆ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਇੱਕ ਚਸ਼ਮਦੀਦ ਨੇ ਦੱਸਿਆ ਕਿ ਉਹ ਚਿੱਟੇ ਰੰਗ ਦੇ ਟੋਅ ਟਰੱਕ ਵਿੱਚ ਸੀ, ਜਿਸ ਉੱਤੇ ਯੂਨਾਈਟਿਡ ਟੋਇੰਗ ਦਾ ਲੋਗੋ ਲੱਗਿਆ ਹੋਇਆ ਸੀ। ਉਸ ਦੇ ਨਾਲ ਨਵਾਂ ਡਰਾਈਵਰ ਸੀ, ਜਿਸ ਨਾਲ ਉਹ ਟਰੇਨਿੰਗ ਕਰ ਰਿਹਾ ਸੀ ਜਦੋਂ ਉਹ ਕੰਪਨੀ ਦੇ ਮਾਲਕ ਨਾਲ ਮੁਲਾਕਾਤ ਕਰਨ ਲਈ ਪਾਰਕਿੰਗ ਲੌਟ ਵਿੱਚ ਪਹੁੰਚੇ। ਦੋ ਵਿਅਕਤੀ ਟੋਅ ਟਰੱਕ ਵਿਚੋਂ ਨਿਕਲੇ ਤੇ ਸੇਡਾਨ ਕੋਲ ਪਹੁੰਚੇ, ਐਨੇ ਨੂੰ ਹੀ ਇੱਕ ਗੋਲੀ ਸੇਡਾਨ ਦੇ ਅੰਦਰ ਬੈਠੇ ਵਿਅਕਤੀ ਨੂੰ ਲੱਗੀ ਤੇ ਦੂਜੀ ਨਵੇਂ ਟੋਅ ਟਰੱਕ ਡਰਾਈਵਰ ਨੂੰ ਲਗੀ।

ਚਸ਼ਮਦੀਦ ਨੇ ਦੱਸਿਆ ਕਿ ਬੰਦੂਕਧਾਰੀ ਹੋਰ ਗੋਲੀਆਂ ਚਲਾਉਣੀਆਂ ਚਾਹੁੰਦਾ ਸੀ ਪਰ ਉਸ ਕੋਲ ਗੋਲੀਆਂ ਮੁੱਕ ਗਈਆਂ। ਚਸ਼ਮਦੀਦ ਨੇ ਦਸਿਆ ਕਿ ਇਹ ਸਭ ਇੱਕ ਸਾਲ ਤੋਂ ਚੱਲ ਰਹੀ ਟੋਅ ਟਰਕ ਜੰਗ ਨਾਲ ਸਬੰਧਤ ਹੈ। ਸੇਡਾਨ ਦੇ ਦਰਵਾਜ਼ੇ ਟੁੱਟ ਕੇ ਮੌਕੇ ਉੱਤੇ ਹੀ ਰਹਿ ਗਏ, ਜਿਨ੍ਹਾਂ ਵਿੱਚੋਂ ਇੱਕ ਉੱਤੇ ਖ਼ੂਨ ਦੇ ਧੱਬੇ ਸਾਫ ਨਜ਼ਰ ਆ ਰਹੇ ਸਨ। ਇਸ ਵਾਰਦਾਤ ਸਮੇਂ ਮਾਲ ਬੰਦ ਸੀ। ਪੁਲਿਸ ਅਨੁਸਾਰ ਮਸ਼ਕੂਕ ਨੇ ਮਾਸਕ ਪਾਇਆ ਹੋਇਆ ਸੀ ਤੇ ਉਸ ਨੂੰ ਆਖਰੀ ਵਾਰੀ ਪੈਦਲ ਹੀ ਉੱਥੋਂ ਫਰਾਰ ਹੁੰਦਿਆਂ ਵੇਖਿਆ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO




DOON SOUTH - KITCHENER
"4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contemporary floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777 MLS # 30784447




"LUXURIOUS - LARGE CUSTOM 2 STORY IN - LAW SUIT FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7" baseboards ad large casings, the 9" main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777




"BEAUTIFUL BUNGALOW 3/4 ACRE LOT IN-LAW SUITE"

SOLD




"EXECUTIVE LARGE FAMILY HOME IN-LAW SUITE"
MLS 30781327

This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000. Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਕਾਂਗਰਸ ਪਾਰਟੀ ਅੰਦਰ ਨਾ ਸੁੱਖ ਲੱਗਦੀ,
ਆਗੂ ਵਾਰੀ ਨਾਲ ਰਹੇ ਈ ਭੜਕ ਮਿੱਤਰ।
ਕੋਈ ਕਹਿੰਦਾ ਕਿ ਆਈ ਗਰਾਂਟ ਹੈ ਨਹੀਂ,
ਚੱਲਣ ਜੋਗੀ ਨਾ ਕੋਈ ਵੀ ਸੜਕ ਮਿੱਤਰ।
ਦੂਜੇ ਕਿਹਾ ਕਿ ਅਫਸਰ ਨਾ ਮਿਲਣ ਸਾਨੂੰ,
ਅਕਾਲੀ ਲੀਡਰਾਂ ਦੀ ਪੂਰੀ ਮੜ੍ਹਕ ਮਿੱਤਰ।
ਸਰਕਾਰ ਸਾਡੀ ਤੇ ਟੌਹਰ ਅਕਾਲੀਆਂ ਦਾ,
ਸਾਨੂੰ ਏਸ ਦੀ ਬਾਹਲੀ ਹੈ ਰੜਕ ਮਿੱਤਰ।
ਚਰਚਾ ਅੰਦਰ ਅਖਬਾਰਾਂ ਦੇ ਬਹੁਤ ਹੁੰਦੀ,
ਕਰਦੇ ਲੋਕ ਵੀ ਗੱਲਾਂ ਕਈ ਵੱਖ ਮਿੱਤਰ।
ਚੰਡੀਗੜ੍ਹ ਵਿੱਚ ਕੋਈ ਨਾ ਫਿਕਰ ਕਰਦਾ,
ਪੜ੍ਹਦੇ ਖਬਰਾਂ ਤੇ ਦੇਂਦੇ ਹਨ ਰੱਖ ਮਿੱਤਰ।

**ਤੀਸ ਮਾਰ ਖਾਂ**

ਹੋਰ ਸੁਣ ਲਵੋ:

# ਭਾਈਵਾਲ ਭਾਜਪਾ ਖ਼ਿਲਾਫ਼ ਪਾਰਲੀਮੈਂਟ ਅੱਗੇ ਅਕਾਲੀ ਦਲ ਧਰਨਾ ਦੇਵੇਗਾ

## ਰਾਜ ਸਭਾ ਮੈਂਬਰ ਭੂੰਦੜ ਵੱਲੋਂ ਬਾਕੀ ਪਾਰਟੀਆਂ ਨੂੰ ਵੀ ਸੱਦਾ



ਚੰਡੀਗੜ੍ਹ, 17 ਫਰਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਇਸ ਐਲਾਨ ਨਾਲ ਕੇਂਦਰ ਦੀ ਸਰਕਾਰ ਚਲਾ ਰਹੀ ਆਪਣੀ ਸਹਿਯੋਗੀ ਪਾਰਟੀ ਭਾਜਪਾ ਲਈ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ ਕਿ 2 ਮਾਰਚ ਤੋਂ ਸ਼ੁਰੂ ਹੋ ਰਹੇ ਬਜਟ ਸੈਸ਼ਨ ਵੇਲੇ ਅਕਾਲੀ ਦਲ ਪਾਰਲੀਮੈਂਟ ਸਾਹਮਣੇ ਧਰਨਾ ਦੇਵੇਗਾ। ਅਕਾਲੀ ਦਲ ਨੇ ਸਾਰੀਆਂ ਪਾਰਟੀਆਂ ਨੂੰ ਇਸ ਧਰਨੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਤੇ ਕਿਹਾ ਹੈ ਕਿ ਇਕੱਠੇ ਨਾ ਹੋਣ ਕਾਰਨ ਕਿਸਾਨ ਖ਼ੁਦ ਨੂੰ ਲੁਟਵਾ ਰਹੇ ਹਨ, ਜਦ ਕਿ ਦੂਜੇ ਪਾਸੇ ਵੱਡੇ ਸੇਠ ਅੰਬਾਨੀ ਅਤੇ ਅਡਾਨੀ ਵਰਗੇ ਲੋਕਾਂ ਨੇ ਸਰਕਾਰਾਂ ਖ਼ਰੀਦ ਰੱਖੀਆਂ ਹਨ।

ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ ਜਦੋਂ ਇਸ ਧਰਨੇ ਦਾ ਐਲਾਨ ਕਰ ਰਹੇ ਸਨ, ਓਦੋਂ ਭਾਜਪਾ ਕਿਸਾਨ ਸੈੱਲ ਦੇ ਆਗੂ ਹਰਜੀਤ ਸਿੰਘ ਗਰੇਵਾਲ ਵੀ ਮੌਜੂਦ ਸਨ। ਭਾਜਪਾ ਨੇਤਾ ਹਰਜੀਤ ਸਿੰਘ ਗਰੇਵਾਲ ਨੇ ਪੰਜਾਬ ਸਰਕਾਰ ਦੇ ਕਾਰਪੋਰੇਟ ਖੇਤੀ ਕਰਾਉਣ ਨੂੰ ਉਤਸ਼ਾਹਿਤ ਕਰਨ ਵਾਲੇ ਐਕਟ ਦੀ ਨਿਖੇਧੀ ਕੀਤੀ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਘੱਟੋ ਘੱਟ ਸਮਰਥਨ ਮੁੱਲ ਤੋਂ ਪਿੱਛੇ ਹਟਣ ਦੇ ਕਾਰਨ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਸਭ ਪਾਰਟੀਆਂ ਦੇ ਪ੍ਰਧਾਨਾਂ ਤੇ ਵਿਧਾਇਕਾਂ ਨੂੰ ਸੱਦਾ ਦਿੱਤਾ ਤੇ ਦਬਾਅ ਬਣਾਇਆ ਕਿ ਵਿਧਾਨ ਸਭਾ ਤੇ ਪਾਰਲੀਮੈਂਟ ਵਿੱਚ ਇਸ ਮੁੱਦੇ ਉੱਤੇ ਵਿਸ਼ੇਸ਼ ਬਹਿਸ ਕਰਾਈ ਜਾਵੇ। ਇਹ ਪਹਿਲਾ ਮੌਕਾ ਸੀ ਕਿ ਇੰਨੀ ਵੱਡੀ ਗਿਣਤੀ ਵਿੱਚ ਸਾਰੀਆਂ ਪਾਰਟੀਆਂ ਦੇ ਵਿਧਾਇਕਾਂ ਤੇ ਨੇਤਾਵਾਂ ਨੇ ਖੇਤੀ ਤੇ ਕਿਸਾਨੀ ਦੇ ਸੰਕਟ ਨੂੰ ਲੈ ਕੇ ਮੈਰਾਥਨ ਚਰਚਾ ਕੀਤੀ ਹੋਵੇ।

ਸਾਂਝੀ ਮੀਟਿੰਗ ਵਿੱਚ ਪੰਜਾਬ ਦੀ ਸਰਕਾਰ ਚਲਾ ਰਹੀ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਤੇ ਸਪੀਕਰ ਨਾਲ ਗੱਲ ਕਰ ਕੇ ਦੋ ਦਿਨ ਦਾ ਵਿਸ਼ੇਸ਼ ਸੈਸ਼ਨ ਖੇਤੀ ਸੰਕਟ ਉੱਤੇ ਸੱਦਣ ਦੀ ਕੋਸ਼ਿਸ਼ ਕਰਨਗੇ। ਖੇਤੀ ਨੀਤੀਆਂ ਦੇ ਮਾਹਰ ਦਵਿੰਦਰ ਸ਼ਰਮਾ ਨੇ ਕਿਹਾ ਕਿ ਜਿਹੜੇ ਲੋਕ ਅਮਰੀਕਾ-ਆਸਟਰੇਲੀਆ ਦੀ ਖੇਤੀ ਨੂੰ ਵਧੀਆ ਦੱਸਦੇ ਹਨ, ਉਹ ਇਹ ਨਹੀਂ ਜਾਣਦੇ ਕਿ ਉਥੇ 87 ਫ਼ੀਸਦੀ ਕਿਸਾਨ ਖੇਤੀ ਛੱਡਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਅਮਰੀਕਾ ਦੀ ਸਰਕਾਰ 65 ਹਜ਼ਾਰ ਡਾਲਰ ਦੀ ਸਬਸਿਡੀ ਦੇਂਦੀ ਤੋਂ ਵੀ ਓਥੇ ਕਿਸਾਨਾਂ ਦਾ ਇਹ ਹਾਲ ਹੈ ਤਾਂ ਭਾਰਤ ਦੇ ਕਿਸਾਨਾਂ ਦਾ ਕੀ ਹਾਲ ਹੋਵੇਗਾ, ਜਿੱਥੇ ਸਿਰਫ਼ 250 ਡਾਲਰ ਸਬਸਿਡੀ ਮਿਲਦੀ ਹੈ। ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਆਮ ਲੋਕਾਂ ਨੂੰ ਸਸਤਾ ਅਨਾਜ ਦੇਣ ਵੇਲੇ ਸਰਕਾਰ ਕਿਸਾਨਾਂ ਨਾਲ ਧੱਕਾ ਨਾ ਕਰੇ। ਉਨ੍ਹਾਂ ਕਿਹਾ ਕਿ ਖੰਡ ਤੇ ਦੁੱਧ ਵਰਗੀਆਂ ਚੀਜ਼ਾਂ ਦੀ ਮਾਮੂਲੀ ਕੀਮਤ ਵਧਾਉਣ ਉੱਤੇ ਵੀ ਕਿਸਾਨਾਂ ਦਾ ਭਾਰੀ ਲਾਭ ਹੋ ਸਕਦਾ ਹੈ।

ਅਕਾਲੀ ਪਾਰਲੀਮੈਂਟ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਕਿਸਾਨਾਂ ਦੀ ਜਿਹੜੀ ਹਾਲਤ ਬਣ ਗਈ ਹੈ, ਉਸ ਦੇ ਕਾਰਨ ਖ਼ੂਨੀ ਇਨਕਲਾਬ ਆਏਗਾ। ਇਕ ਪਾਸੇ ਬੀਮਾ ਪਾਲਸੀਆਂ ਵੀ ਕੰਪਨੀਆਂ ਦੇ ਲਾਭ ਵਾਲੀਆਂ ਬਣਾਈਆਂ ਜਾ ਰਹੀਆਂ ਹਨ, ਦੂਜੇ ਪਾਸੇ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਨੇ ਸਾਰੀਆਂ ਪਾਰਟੀਆਂ ਨੂੰ ਮਿਲ ਕੇ ਕਿਸਾਨਾਂ ਦੇ ਪੱਖ ਵਿੱਚ ਖੜੋਣ ਅਤੇ ਪਾਰਲੀਮੈਂਟ ਸਾਹਮਣੇ ਧਰਨਾ ਦੇਣ ਦਾ ਸੱਦਾ ਦੇ ਦਿੱਤਾ।

# ਸ਼ਾਹੀਨ ਬਾਗ ਮਾਮਲਾ: ਸੁਪਰੀਮ ਕੋਰਟ ਵੱਲੋਂ ਲੋਕਾਂ ਅਤੇ ਸਰਕਾਰ ਵਿਚਾਲੇ ਗੱਲਬਾਤ ਲਈ ਵਾਰਤਾਕਾਰ ਨਿਯੁਕਤ



ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੁੱਧ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਬੀਤੇ ਦੋ ਮਹੀਨਿਆਂ ਤੋਂ ਚੱਲਦੇ ਪ੍ਰਦਰਸ਼ਨ ਬਾਰੇ ਅੱਜ ਸੁਪਰੀਮ ਕੋਰਟ ਵਿੱਚ ਦੌਰਾਨ ਕੋਰਟ ਨੇ ਰੋਸ ਪ੍ਰਦਰਸ਼ਨ ਕਰ ਰਹੇ ਲੋਕਾਂ ਦਾ ਪੱਖ ਜਾਣਨ ਲਈ ਦੋ ਵਾਰਤਾਕਾਰ ਨਿਯਕੁਤ ਕਰਨ ਦੇ ਆਦੇਸ਼ ਦਿੱਤੇ ਹਨ।

ਅੱਜ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੁੱਛਿਆ ਕਿ ਨਾਗਰਿਕ ਸੋਧ ਕਾਨੂੰਨ ਦੇ ਵਿਰੁੱਧ ਰੋਸ ਸ਼ਾਹੀਨ ਬਾਗ ਵਿੱਚ ਪ੍ਰਦਰਸ਼ਨ ਕਰਦੇ ਲੋਕਾਂ ਨਾਲ ਗੱਲ ਕਰਨ ਜਾਂ ਗੱਲਬਾਤ ਕਰਨ ਜਾਣ ਲਈ ਕਿਸੇ ਨੂੰ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਮੌਕੇ ਕੋਰਟ ਨੇ ਕਿਹਾ ਕਿ ਸੀਨੀਅਰ ਵਕੀਲ ਸੰਜੈ ਹੇਗੜੇ ਤੇ ਸਾਧਨਾ ਰਾਮਚੰਦਰਨ ਨੂੰ ਪ੍ਰਦਰਸ਼ਨਕਾਰੀਆਂ ਨਾਲ ਗੱਲ ਕਰਨ ਲਈ ਵਾਰਤਾਕਾਰ ਰੂਪ ਵਿੱਚ ਤੈਅ ਕੀਤਾ ਜਾਵੇ। ਕੋਰਟ ਨੇ ਕਿਹਾ ਕਿ ਲੋਕਾਂ ਦਾ ਵਿਰੋਧ ਕਰਨ ਦਾ ਮੁੱਢਲਾ ਅਧਿਕਾਰ ਹੈ, ਪਰ ਜੋ ਚੀਜ਼ ਪਰੇਸ਼ਾਨ ਕਰਦੀ ਹੈ, ਉਹ ਸੜਕਾਂ ਨੂੰ ਰੋਕਣਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਲੋਕਤੰਤਰ ਹਰ ਕਿਸੇ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਦਿੰਦਾ ਹੈ, ਪਰ ਇਸ ਲਈ ਕੁਝ ਹੱਦਾਂ ਅਤੇ ਰੇਖਾਵਾਂ ਹਨ।

ਵਾਰਤਕਾਰ ਦੀ ਨਿਯੁਕਤੀ ਦੇ ਬਾਅਦ ਸੁਪਰੀਮ ਕੋਰਟ ਨੇ ਸ਼ਾਹੀਨ ਬਾਗ ਵਾਲੇ ਮਾਮਲੇ ਦੀ ਅਗਲੀ ਸੁਣਵਾਈ ਲਈ 24 ਫਰਵਰੀ ਦੀ ਤਾਰੀਕ ਤੈਅ ਕਰ ਦਿੱਤੀ ਹੈ।

# ਭਾਰਤ ਦੀ ਨਿੰਦਾ ਕਰਨ ਵਾਲੀ ਬ੍ਰਿਟਿਸ਼ ਐੱਮ ਪੀ ਨੂੰ ਦਿੱਲੀ ਹਵਾਈ ਅੱਡੇ ਉੱਤੇ ਰੋਕਿਆ ਗਿਆ



ਲੰਡਨ, 17 ਫਰਵਰੀ, (ਪੋਸਟ ਬਿਊਰੋ)- ਬ੍ਰਿਟੇਨ ਦੀ ਲੇਬਰ ਪਾਰਟੀ ਦੀ ਇਕ ਮਹਿਲਾ ਪਾਰਲੀਮੈਂਟ ਮੈਂਬਰ ਨੂੰ ਭਾਰਤੀ ਅਧਿਕਾਰੀਆਂ ਨੇ ਦਿੱਲੀ ਏਅਰ ਪੋਰਟ ਉੱਤੇ ਅੱਜ ਇਹ ਕਹਿ ਕੇ ਰੋਕ ਦਿੱਤਾ ਕਿ ਉਸ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਪਾਰਲੀਮੈਂਟ ਮੈਂਬਰ ਡੇਬੀ ਅਬਰਾਹਮਸ ਜੰਮੂ-ਕਸ਼ਮੀਰ ਦੀ ਧਾਰਾ-370 ਹਟਾਏ ਜਾਣ ਦੇ ਭਾਰਤ ਸਰਕਾਰ ਦੇ ਫੈਸਲੇ ਦੀ ਸਖਤ ਆਲੋਚਕ ਹੈ ਅਤੇ ਉਹ ਕਸ਼ਮੀਰ ਬਾਰੇ ਬ੍ਰਿਟਿਸ਼ ਪਾਰਲੀਮੈਂਟਰੀ ਕਮੇਟੀ ਦੀ ਪ੍ਰਧਾਨ ਵੀ ਹੈ।

ਇਸ ਘਟਨਾ ਦੇ ਬਾਅਦ ਬ੍ਰਿਟਿਸ਼ ਪਾਰਲੀਮੈਂਟ ਮੈਂਬਰ ਡੇਬੀ ਅਬਰਾਹਮਸ ਨੇ ਕਿਹਾ ਕਿ ਦਿੱਲੀ ਹਵਾਈ ਅੱਡੇ ਉੱਤੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਦਾ ਈ-ਵੀਜ਼ਾ ਕਿਉਂ ਰੱਦ ਕੀਤਾ ਗਿਆ ਹੈ। ਜੰਮੂ-ਕਸ਼ਮੀਰ ਤੋਂ ਸੰਵਿਧਾਨ ਦੀ ਧਾਰਾ-370 ਹਟਾਉਣ ਦੇ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਫੈਸਲੇ ਦੁਨੀਆ ਦੇ ਕਈ ਦੇਸ਼ਾਂ ਤੇ ਖਾਸ ਕਰਕੇ ਲਿਬਰਲ ਪਾਰਲੀਮੈਂਟ ਮੈਂਬਰਾਂ ਅਤੇ ਸਿਆਸੀ ਨੇਤਾਵਾਂ ਨੇ ਵਿਰੋਧ ਕੀਤਾ ਸੀ। ਡੇਬੀ ਅਬਰਾਹਮਸ ਇੱਕ ਨਿੱਜੀ ਦੌਰੇ ਲਈ ਭਾਰਤ ਆਈ ਸੀ। ਅੱਜ ਸੋਮਵਾਰ ਜਦੋਂ ਉਹ ਐਮੀਰੈਟਸ ਦੀ ਫਲਾਈਟ ਤੋਂ ਦਿੱਲੀ ਹਵਾਈ ਅੱਡੇ ਉੱਤੇ ਉੱਤਰੀ ਤਾਂ ਉਨ੍ਹਾਂ ਨੂੰ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਵੀਜ਼ਾ ਰੱਦ ਕਰ ਦਿੱਤਾ ਗਿਆ ਹੈ। ਇਸ ਬਾਰੇ ਪ੍ਰਤੀਕਿਰਿਆ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਮੇਰੇ ਨਾਲ ਦੋਸ਼ੀਆਂ ਵਾਂਗ ਵਿਹਾਰ ਕੀਤਾ ਗਿਆ, ਮੈਨੂੰ ਇਹ ਆਸ ਸੀ ਕਿ ਉਹ ਮੈਨੂੰ ਆਪਣੇ ਪਰਿਵਾਰ ਤੇ ਦੋਸਤਾਂ ਨਾਲ ਮਿਲਣ ਦੇਣਗੇ। ਉਨ੍ਹਾਂ ਨੇ ਇੱਕ ਬਿਆਨ ਵਿਚ ਕਿਹਾ ਕਿ ਇਕ ਅਧਿਕਾਰੀ ਨੇ ਮੇਰਾ ਪਾਸਪੋਰਟ ਲੈ ਲਿਆ ਤੇ ਉਹ ਕਰੀਬ 10 ਮਿੰਟ ਗਾਇਬ ਰਿਹਾ। ਜਦ ਉਹ ਵਾਪਸ ਆਇਆ ਤਾਂ ਉਹ ਬਹੁਤ ਗੁੱਸੇ ਵਿਚ ਮੇਰੇ ਉੱਤੇ ਚੀਕਦੇ ਹੋਏ ਆਪਣੇ ਨਾਲ ਚੱਲਣ ਨੂੰ ਕਹਿ ਰਿਹਾ ਸੀ। ਡੇਬੀ ਅਬਰਾਹਮਸ ਨੇ ਕਿਹਾ ਕਿ ਬਹੁਤ ਸਾਰੇ ਅਧਿਕਾਰੀ ਮੇਰੇ ਕੋਲ ਆਏ ਤੇ ਮੈਂ ਜਾਣਨਾ ਚਾਹਿਆ ਕਿ ਮੇਰਾ ਵੀਜ਼ਾ ਕਿਉਂ ਰੱਦ ਕੀਤਾ ਗਿਆ ਹੈ ਤੇ ਕੀ ਮੈਨੂੰ ਵੀਜ਼ਾ ਆਨ ਅਰਾਈਵਲ ਮਿਲ ਸਕਦਾ ਹੈ, ਪਰ ਕਿਸੇ ਕੋਲ ਇਸ ਦਾ ਕੋਈ ਜਵਾਬ ਵੀ ਨਹੀਂ ਸੀ।

ਵਰਣਨ ਯੋਗ ਹੈ ਕਿ ਪਿਛਲੇ ਸਾਲ ਅਗਸਤ ਵਿਚ ਡੇਬੀ ਅਬਰਾਹਮਸ ਨੇ ਓਦੋਂ ਵਾਲੇ ਬ੍ਰਿਟਿਸ਼ ਵਿਦੇਸ਼ ਮੰਤਰੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਭਾਰਤ ਦੇ ਕਸ਼ਮੀਰ ਤੋਂ ਧਾਰਾ-370 ਹਟਾਉਣ ਬਾਰੇ ਬ੍ਰਿਟਿਸ਼ ਪਾਰਲੀਮੈਂਟਰੀ ਪਾਰਟੀ ਬਹੁਤ ਚਿੰਤਤ ਹੈ ਅਤੇ ਭਾਰਤ ਸਰਕਾਰ ਦੇ ਇਸ ਫੈਸਲੇ ਨੇ ਜੰਮੂ ਕਸ਼ਮੀਰ ਦੇ ਲੋਕਾਂ ਨਾਲ ਧੋਖਾ ਕੀਤਾ ਹੈ।

# ਨਿਰਭੈਆ ਕੇਸ: ਦੋਸ਼ੀਆਂ ਨੂੰ 3 ਮਾਰਚ ਨੂੰ ਫਾਂਸੀ ਲਈ ਨਵਾਂ ਡੈੱਥ ਵਾਰੰਟ ਜਾਰੀ

ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਨਿਰਭੈਆ ਕੇਸ ਦੇ ਚਾਰੇ ਦੋਸ਼ੀਆਂ ਲਈ ਨਵਾਂ ਡੈੱਥ ਵਾਰੰਟ ਅੱਜ ਜਾਰੀ ਕਰ ਦਿੱਤਾ ਹੈ। ਕੋਰਟ ਨੇ ਸੋਮਵਾਰ ਨੂੰ ਲਗਭਗ ਇਕ ਘੰਟੇ ਤੱਕ ਚੱਲੀ ਸੁਣਵਾਈ ਤੋਂ ਬਾਅਦ ਇਨ੍ਹਾਂ ਦੋਸ਼ੀਆਂ ਨੂੰ ਫਾਂਸੀ ਉੱਤੇ ਲਟਕਾਉਣ ਲਈ 3 ਮਾਰਚ ਦੀ ਤਰੀਕ ਤੈਅ ਕੀਤੀ ਹੈ।

ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਸਰਕਾਰੀ ਵਕੀਲ ਨੇ ਕਿਹਾ ਕਿ 3 ਦੋਸ਼ੀਆਂ ਅਕਸ਼ੈ, ਵਿਨੇ ਅਤੇ ਮੁਕੇਸ਼ ਵੱਲੋਂ ਤਰਸ ਦੀ ਪਟੀਸ਼ਨ ਰੱਦ ਹੋ ਚੁਕੀ ਹੈ, ਪਰ ਇਕ ਦੋਸ਼ੀ ਪਵਨ ਦੀ ਇਸ ਕੇਸ ਵਿੱਚ ਰਹਿਮ ਦੀ ਪਟੀਸ਼ਨ ਅਤੇ ਕਿਊਰੇਟਿਵ ਪਟੀਸ਼ਨ ਦਾਖਲ ਹੋਣੀ ਬਾਕੀ ਹੈ। ਸਰਕਾਰੀ ਵਕੀਲ ਨੇ ਕਿਹਾ ਕਿ ਹਾਈ ਕੋਰਟ ਵਲੋਂ ਦਿੱਤੀ ਇਕ ਹਫਤੇ ਦੀ ਮਿਆਦ 11 ਫਰਵਰੀ ਨੂੰ ਖਤਮ ਹੋ ਚੁਕੀ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਕਿਸੇ ਦੋਸ਼ੀ ਦੀ ਕੋਈ ਪਟੀਸ਼ਨ ਕਿਸੇ ਕੋਰਟ ਵਿੱਚ ਪੈਂਡਿੰਗ ਨਹੀਂ, ਇਸ ਲਈ ਨਵਾਂ ਡੈੱਥ ਵਾਰੰਟ ਜਾਰੀ ਕੀਤਾ ਜਾ ਸਕਦਾ ਹੈ।

ਦੋਸ਼ੀਆਂ ਦੇ ਵਕੀਲ ਏ ਪੀ ਸਿੰਘ ਨੇ ਕਿਹਾ ਕਿ ਵਿਨੇ ਦੀ ਮਾਨਸਿਕ ਹਾਲਤ ਠੀਕ ਨਹੀਂ। ਉਨ੍ਹਾਂ ਕਿਹਾ ਕਿ ਉਸ ਦੀ ਹਾਲਤ ਇੰਨੀ ਖਰਾਬ ਹੈ ਕਿ ਉਸ ਨੇ 11 ਫਰਵਰੀ ਤੋਂ ਖਾਣਾ-ਪੀਣਾ ਛੱਡ ਦਿੱਤਾ ਹੈ। ਏ ਪੀ ਸਿੰਘ ਨੇ ਕੋਰਟ ਨੂੰ ਕਿਹਾ ਕਿ ਅੱਜ ਵਿਨੇ ਦੀ ਮਾਂ ਜੇਲ ਵਿੱਚ ਉਸ ਨੂੰ ਮਿਲਣ ਗਈ ਤਾਂ ਵਿਨੇ ਨੇ ਪੂਰੇ ਸਿਰ ਉੱਤੇ ਪੱਟੀਆਂ ਬੰਨ੍ਹੀਆਂ ਹੋਈਆਂ ਹਨ। ਇਹ ਗੰਭੀਰ ਮਾਮਲਾ ਹੈ। ਉਨ੍ਹਾਂ ਨੇ ਕੋਰਟ ਤੋਂ ਵਿਨੇ ਦੀ ਮੈਡੀਕਲ ਰਿਪੋਰਟ ਮੰਗਵਾਉਣ ਦੀ ਮੰਗ ਕਰਦੇ ਹੋਏ ਕਿਹਾ ਕਿ ਉਸ ਦੇ ਸਿਰ ਵਿੱਚ ਕਾਫੀ ਸੱਟ ਹੈ। ਜੇਲ੍ਹ ਸੁਪਰਡੈਂਟ ਤੋਂ ਰਿਪੋਰਟ ਲੈ ਕੇ ਜੇਲ ਮੈਨੂਅਲ ਦਾ ਧਿਆਨ ਰੱਖਣ ਨੂੰ ਕਹਿਣਾ ਚਾਹੀਦਾ ਹੈ।

# ਬਾਜਵਾ ਦੀ ਤਿੱਖੀ ਨਸੀਹਤ: ਕੈਪਟਨ ਸਾਹਿਬ ਸਮਝ ਜਾਓ, ਨਹੀਂ ਤਾਂ ਪੰਜਾਬ ਦੀ ਜਨਤਾ ਹਿਸਾਬ ਲੈਣਾ ਜਾਣਦੀ ਹੈ



ਜਗਰਾਉਂ, 17 ਫਰਵਰੀ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਲਈ ਕੇਜਰੀਵਾਲ ਦੇ ਕੀਤੇ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕਿਹਾ ਹੈ ਕਿ ਸੁਧਰ ਜਾਓ, ਅਜੇ ਦੋ ਵਰ੍ਹੇ ਰਹਿੰਦੇ ਹਨ, ਜਨਤਾ ਨਾਲ ਕੀਤੇ ਵਾਅਦੇ ਪੂਰੇ ਕਰ ਦਿਓ, ਨਹੀਂ ਤਾਂ ਪੰਜਾਬ ਦੇ ਲੋਕ ਚੋਣਾਂ ਵਿਚ ਹਿਸਾਬ ਲੈਣਾ ਜਾਣਦੇ ਹਨ।

ਅੱਜ ਸਿੱਧਵਾਂ ਖੁਰਦ ਵਿੱਚ ਸਿੱਖਿਆ ਸੰਸਥਾਵਾਂ ਦੇ ਸਾਲਾਨਾ ਖੇਡ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਪੁੱਜੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਦਿੱਲੀ ਸਰਕਾਰ ਦੇ ਕੰਮ ਅਤੇ ਉਨ੍ਹਾਂ ਵੱਲੋਂ ਦਿੱਲੀ ਵਾਸੀਆਂ ਨੂੰ ਦਿੱਤੀਆਂ ਰਿਆਇਤਾਂ ਅਤੇ ਸਹੂਲਤਾਂ ਵਾਂਗ ਪੰਜਾਬੀਆਂ ਲਈ ਹੰਭਲਾ ਮਾਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਜਨਤਾ ਅਗਲੀ ਵਾਰੀ ਕਿਸੇ ਭੁਲੇਖੇ ਵਿਚ ਨਹੀਂ ਰਹੇਗੀ। ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਕਿਹਾ, ਉਹ ਕਰ ਦਿਖਾਇਆ ਤਾਂ ਜਨਤਾ ਨੇ ਫਿਰ ਸਿਰ ਉੱਤੇ ਬਿਠਾਇਆ ਹੈ। ਮੁੱਖ ਮੰਤਰੀ ਕੇਜਰੀਵਾਲ ਨੇ ਕਮਰਸ਼ੀਅਲ ਇੰਡਸਟਰੀ ਨੂੰ ਬਣਦੇ ਭਾਅ ਅਨੁਸਾਰ ਬਿਜਲੀ ਦੇ ਕੇ ਆਮ ਜਨਤਾ ਨੂੰ ਵੀ ਬਿਜਲੀ ਸਬਸਿਡੀ ਦੀ ਵੱਡੀ ਰਿਆਇਤ ਦਿੱਤੀ ਹੈ। ਇਸੇ ਤਰ੍ਹਾਂ ਸਿੱਖਿਆ, ਸਿਹਤ, ਸੀਵਰੇਜ ਤੇ ਪਾਣੀ ਦੇ ਬਿੱਲਾਂ ਵਿਚ ਵੱਡੀ ਕਟੌਤੀ ਨਾਲ ਦਿੱਲੀ ਵਾਸੀਆਂ ਦਾ ਦਿਲ ਜਿੱਤਿਆ ਹੈ।

ਇਸ ਮੌਕੇ ਵਾਰ-ਵਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨਾ ਬਣਾਉਂਦੇ ਰਹਿਣ ਬਾਰੇ ਸਵਾਲ ਉੱਤੇ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਨੂੰ ਵਾਰ-ਵਾਰ ਇਹ ਕੁਝ ਇਸ ਲਈ ਕਰਨਾ ਪੈਂਦਾ ਹੈ ਕਿ ਉਹ ਬੀਤੇ 41 ਸਾਲਾਂ ਵਿੱਚ ਹੇਠਾਂ ਤੋਂ ਉਪਰ ਤਕ ਦੇ ਅਹੁਦਿਆਂ ਉੱਤੇ ਕੰਮ ਕਰ ਚੁੱਕੇ ਹਨ ਤੇ ਉਨ੍ਹਾਂ ਨੂੰ ਲੱਗਦਾ ਹੈ ਕਿ ਪੰਜਾਬ ਸਰਕਾਰ ਆਪਣਾ ਕੰਮ ਨਹੀਂ ਕਰ ਰਹੀ। ਉਨ੍ਹਾਂ ਨੇ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਉਮਰ ਬਾਰੇ ਕਿਹਾ ਕਿ ਸ਼ਾਇਦ ਉਹ ਰਿਟਾਇਰਮੈਂਟ ਨੇੜੇ ਹੋਣ ਕਾਰਨ ਚੁੱਪ ਹਨ, ਪਰ ਅਸੀਂ ਬੋਲਾਂਗੇ। ਉਨ੍ਹਾ ਕਿਹਾ ਕਿ ਉਨ੍ਹਾਂ ਨੇ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ 40 ਮਿੰਟ ਦੀ ਬੈਠਕ ਦੌਰਾਨ ਪੰਜਾਬ ਦੀ ਹਾਲਤ ਜਦੋਂ ਤਾਂ ਇਸ ਤੋਂ ਬਾਅਦ ਪੰਜਾਬ ਕਾਂਗਰਸ ਇਕਾਈ ਭੰਗ ਕੀਤੀ ਗਈ ਹੈ।

ਬਾਜਵਾ ਨੇ ਵਿਧਾਇਕ ਨਵਜੋਤ ਸਿੰਘ ਸਿੱਧੂ ਬਾਰੇ ਕਿਹਾ ਕਿ ਉਹ ਆਪਣੀ ਗੱਲ ਕਹਿਣ ਦੇ ਸਮਰਥ ਹਨ, ਉਨ੍ਹਾਂ ਨੂੰ ਚੁੱਪ ਨਹੀਂ ਬੈਠਣਾ ਚਾਹੀਦਾ ਤੇ ਬੋਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ, ਸੁਨੀਲ ਜਾਖੜ ਅਤੇ ਪ੍ਰਗਟ ਸਿੰਘ ਵੱਲੋਂ ਪੰਜਾਬ ਦੀ ਬੇਹਤਰੀ ਤੇ ਜਨਤਾ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਚੁੱਕੀ ਆਵਾਜ਼ ਵਿਰੋਧੀ ਆਵਾਜ਼ ਨਹੀਂ ਅਤੇ ਨਾ ਉਹ ਮੁੱਖ ਮੰਤਰੀ ਬਦਲਣ ਨੂੰ ਕਹਿੰਦੇ ਹਨ, ਨਾ ਪੰਜਾਬ ਦੀ ਸੱਤਾਧਾਰੀ ਸਿਆ-ਸਤ ਦੇ ਘੋੜੇ ਬਦਲਣ ਦੀ ਲੋੜ ਹੈ, ਨਾ ਘੋੜ ਸਵਾਰ, ਸਿਰਫ ਸੁਧਰਨ ਦੀ ਲੋੜ ਹੈ, ਕਿਉਂਕਿ ਅਜੇ ਸਰਕਾਰ ਦੇ ਦੋ ਸਾਲ ਪਏ ਹਨ।







Paramjit Deol Broker

CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Toronto $2,150** For Lease
Bathurst & Lake Shore: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** barBURRITO
6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** Photo Not Available
120 Whitmore Rd 15: Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** Techlogics
5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** GINO'S PIZZA
136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** Photo Not Available
373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**
328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** Photo Not Available
Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** Photo Not Available
7120 Pacific Circ B: Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000**
Northshore Blvd To Eagle :Exceptional 2-Storey In One Of Burlington's Most Sought-After Communities South Aldershot! Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**
Qew And Hurontario :Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**
29 Phillip Ave:
For any information call Paramjeet Deol at 905-405-8484.

**Brampton $983,000**
87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**
Mavis/Derry:Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** Photo Not Available
115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਸਿਹਤ ਸਬੰਧੀ ਮਸਲਿਆਂ ਬਾਰੇ ਇੰਟਰ-ਜੈਨਰੇਸ਼ਨਲ ਵਰਕਸ਼ਾਪ 28 ਫ਼ਰਵਰੀ ਨੂੰ

ਬਰੈਂਪਟਨ, (ਡਾ. ਝੰਡ) - ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਬਰੈਂਪਟਨ ਦੀਆਂ 32 ਸੀਨੀਅਰਜ਼ ਕਲੱਬਾਂ ਦੀ ਇਸ 'ਅੰਬਰੇਲਾ-ਐਸੋਸੀਏਸ਼ਨ' ਵੱਲੋਂ ਸਿਹਤ ਸਬੰਧੀ ਲੋਕਾਂ ਨੂੰ ਦਰਪੇਸ਼ ਮਸਲਿਆਂ ਨਾਲ ਸਬੰਧਿਤ ਅੰਤਰ-ਪੀੜ੍ਹੀ ਵਰਕਸ਼ਾਪ 28 ਫ਼ਰਵਰੀ ਨੂੰ ਕੈਸੀ ਕੈਂਬਲ ਕਮਿਊਨਿਟੀ ਸੈਂਟਰ, ਜੋ ਕਿ ਚਿੰਗੂਜ਼ੀ ਰੋਡ ਅਤੇ ਵਿਲੀਅਮ ਪਾਰਕਵੇਅ ਦੇ ਇੰਟਰਸੈੱਕਸ਼ਨ ਨੇੜੇ ਸਥਿਤ ਹੈ, ਵਿਖੇ 28 ਫ਼ਰਵਰੀ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12.00 ਵਜੇ ਤੋਂ 3.00 ਵਜੇ ਤੀਕ ਆਯੋਜਿਤ ਕੀਤੀ ਜਾ ਰਹੀ ਹੈ।

ਇਸ ਅੰਤਰ-ਪੀੜ੍ਹੀ ਵਰਕਸ਼ਾਪ ਵਿਚ ਬਰੈਂਪਟਨ ਵਿਚ ਪਿਛਲੇ ਕਾਫ਼ੀ ਸਮੇਂ ਤੋਂ ਵਿਚਰ ਰਹੇ ਡਾਇਬੇਟੀਜ਼ ਦੇ ਮਾਹਿਰ ਡਾ. ਹਰਪ੍ਰੀਤ ਬਜਾਜ ਡਾਇਬੇਟੀਜ਼ ਤੇ ਇਸ ਦੇ ਬਚਾਅ ਬਾਰੇ ਜਾਣਕਾਰੀ ਦੇਣਗੇ ਅਤੇ ਸਾਊਥ ਏਸ਼ੀਅਨ ਕਮਿਊਨਿਟੀਆਂ ਵਿਚ ਮਸ਼ਹੂਰ ਡਾ. ਮਾਹੇਰ ਹੁਸੈਨ ਜੋ ਸਾਊਥ ਏਸ਼ੀਅਨ ਕੈਨੇਡੀਅਨਜ਼ ਹੈੱਲਥ ਐਂਡ ਸੋਸ਼ਲ ਸਰਵਿਸਿਜ਼ ਦੇ ਚੀਫ਼ ਐਗਜ਼ੈੱਕਟਿਵ ਵੀ ਹਨ, ਮੈਂਟਲ ਹੈੱਲਥ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕਰਨਗੇ। ਇਨ੍ਹਾਂ ਦੋਹਾਂ ਮਾਹਿਰਾਂ ਤੋਂ ਇਲਾਵਾ ਬਰੈਂਪਟਨ ਦੇ ਸਕੂਲ-ਟਰੱਸਟੀ ਬਲਬੀਰ ਸੋਹੀ ਵੀ ਦੰਦਾਂ ਦੀ ਸਾਂਭ-ਸੰਭਾਲ ਬਾਰੇ ਆਪਣੇ ਵਿਚਾਰ ਪੇਸ਼ ਕਰਨਗੇ।

ਸਾਰੀਆਂ ਹੀ ਪੀੜ੍ਹੀਆਂ ਦੇ ਵਿਅੱਕਤੀਆਂ ਨੂੰ ਇਸ ਅੰਤਰ-ਪੀੜ੍ਹੀ ਵਰਕਸ਼ਾਪ ਵਿਚ ਆਉਣ ਅਤੇ ਇਸ ਵਿਚ ਸਿਹਤ ਸਬੰਧੀ ਦਿੱਤੀ ਜਾ ਰਹੀ ਕੀਮਤੀ ਜਾਣਕਾਰੀ ਪ੍ਰਾਪਤ ਕਰਨ ਲਈ ਖੁੱਲ੍ਹਾ ਸੱਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਜੰਗੀਰ ਸਿੰਘ ਸੈਂਹਬੀ (416-409-0126), ਕਰਤਾਰ ਸਿੰਘ ਚਾਹਲ (647-854-8746), ਪ੍ਰੀਤਮ ਸਿੰਘ ਸਰਾਂ (416-833-0567) ਜਾਂ ਦੇਵ ਸੂਦ (416-553-0722) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# 'ਵੱਡਿਆਂ ਨੂੰ ਬੁਰਾ-ਭਲਾ ਕਹਿਣਾ' (ਐੱਲਡਰਜ਼ ਐਬਿਊਜ਼) ਬਾਰੇ ਵਰਕਸ਼ਾਪ ਅੱਜ

## ਸਮਾਜ-ਸੇਵੀ ਬਲਦੇਵ ਸਿੰਘ ਮੁੱਟਾ ਦੇਣਗੇ ਭਾਸ਼ਣ

ਬਰੈਂਪਟਨ, (ਡਾ. ਝੰਡ) -ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ 32 ਕਲੱਬਾਂ ਦੀ ਇਸ ਐਸੋਸੀਏਸ਼ਨ ਵੱਲੋਂ 'ਵੱਡਿਆਂ ਨੂੰ ਬੁਰਾ-ਭਲਾ ਕਹਿਣਾ' (ਐੱਲਡਰਜ਼ ਐਬਿਊਜ਼) ਦੇ ਮਹੱਤਵ-ਪੂਰਨ ਵਿਸ਼ੇ 'ਤੇ 18 ਫ਼ਰਵਰੀ ਨੂੰ ਐਬਨੇਜ਼ਰ ਕਮਿਊਨਿਟੀ ਸੈਂਟਰ, ਜੋ ਕਿ 4494 ਐਬਨੇਜ਼ਰ ਰੋਡ 'ਤੇ ਸਥਿਤ ਹੈ, ਵਿਚ ਬਰੈਂਪਟਨ ਦੇ ਉੱਘੇ ਸਮਾਜ-ਸੇਵੀ ਬਲਦੇਵ ਸਿੰਘ ਮੁੱਟਾ, ਸੀ.ਈ.ਓ. ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼, ਆਪਣੇ ਵਿਚਾਰ ਪੇਸ਼ ਕਰਨਗੇ। ਬਰੈਂਪਟਨ ਸਿਟੀਜ਼ਨਜ਼ ਸੀਨੀਅਰ ਕਾਂਊਂਸਲ ਵੱਲੋਂ ਸਪਾਂਸਰ ਕੀਤੀ ਜਾ ਰਹੀ ਇਹ ਵਰਕਸ਼ਾਪ ਬਾਅਦ ਦੁਪਹਿਰ 1.00 ਵਜੇ ਤੋਂ 3.00 ਵਜੇ ਤੀਕ ਆਯੋਜਿਤ ਕੀਤੀ ਜਾ ਰਹੀ ਹੈ।

ਵੱਡਿਆਂ ਨਾਲ ਸਤਿਕਾਰ ਨਾਲ ਪੇਸ਼ ਨਾ ਆਉਣਾ ਅਤੇ ਉਨ੍ਹਾਂ ਨੂੰ ਬੁਰਾ-ਭਲਾ ਕਹਿਣਾ ਸਾਡੇ ਅੱਜਕੱਲ੍ਹ ਸਮਾਜ ਵਿਚ ਆਮ ਜਿਹਾ ਵਰਤਾਰਾ ਬਣਦਾ ਜਾ ਰਿਹਾ ਹੈ ਜੋ ਕਿ ਅਤੀ ਮੰਦਭਾਗਾ ਹੈ। ਇਸ ਵਰਤਾਰੇ ਵਿਚ ਸੁਧਾਰ ਕਰਨ ਦੀ ਅਤੀ ਜ਼ਰੂਰਤ ਹੈ ਅਤੇ ਇਸ ਵਰਕਸ਼ਾਪ ਵਿਚ ਇਸ ਸਬੰਧੀ ਬਹੁ-ਮੁੱਲੇ ਵਿਚਾਰ ਮੁੱਟਾ ਸਾਹਿਬ ਵੱਲੋਂ ਹਾਜ਼ਰੀਨ ਨਾਲ ਸਾਂਝੇ ਕੀਤੇ ਜਾਣਗੇ।

ਹਰੇਕ ਪੀੜ੍ਹੀ ਦੇ ਵਿਅੱਕਤੀਆਂ, ਖ਼ਾਸ ਤੌਰ 'ਤੇ ਸੀਨੀਅਰਜ਼ ਨੂੰ ਇਸ ਮਹੱਤਵਪੂਰਨ ਵਰਕਸ਼ਾਪ ਵਿਚ ਭਾਗ ਲੈਣ ਅਤੇ ਇਸ ਵਿਚ ਬਲਦੇਵ ਮੁੱਟਾ ਵੱਲੋਂ ਦਿੱਤੀ ਜਾ ਰਹੀ ਬੇਸ਼-ਕੀਮਤੀ ਜਾਣਕਾਰੀ ਪ੍ਰਾਪਤ ਕਰਨ ਲਈ ਖੁੱਲ੍ਹਾ ਸੱਦਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਜੰਗੀਰ ਸਿੰਘ ਸੈਂਹਬੀ (416-409-0126), ਕਰਤਾਰ ਸਿੰਘ ਚਾਹਲ (647-854-8746), ਪ੍ਰੀਤਮ ਸਿੰਘ ਸਰਾਂ (416-833-0567) ਜਾਂ ਦੇਵ ਸੂਦ (416-553-0722) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਕਾਰ ਦੀ ਟੱਕਰ ਨਾਲ ਸਬਜ਼ੀ ਵੇਚਣ ਵਾਲੇ ਦੀ ਮੌਤ

ਜਲੰਧਰ, 17 ਫਰਵਰੀ (ਪੋਸਟ ਬਿਊਰੋ)- ਫੋਕਲ ਪੁਆਇੰਟ 'ਚ ਲੱਗਦੀ ਸਬਜ਼ੀ ਮੰਡੀ 'ਚ ਫੁੱਟਪਾਥ 'ਤੇ ਰੇਹੜੀ ਲਾ ਕੇ ਸਬਜ਼ੀ ਵੇਚਣ ਵਾਲੇ ਵਿਅਕਤੀ ਨੂੰ ਤੇਜ਼ ਰਫਤਾਰ ਮਾਰੂਤੀ ਆਲਟੋ ਕਾਰ ਨੇ ਇੰਨੀ ਤੇਜ਼ ਟੱਕਰ ਮਾਰੀ ਕਿ ਉਹ ਲਗਭਗ 15 ਫੁਟ ਉਛਲ ਕੇ ਰੁੱਖ ਨਾਲ ਟਕਰਾਅ ਗਿਆ। ਇਸ ਹਾਦਸੇ ਵਿੱਚ ਸਬਜ਼ੀ ਵਿਕਰੇਤਾ ਦੀ ਮੌਤ ਹੋ ਗਈ। ਕੱਲ੍ਹ ਸਵੇਰੇ ਹੋਏ ਹਾਦਸੇ ਵਿੱਚ ਮਾਰੇ ਗਏ ਵਿਅਕਤੀ ਦੀ ਪਛਾਣ ਸੰਜੇ ਗਾਂਧੀ ਨਗਰ ਦੇ ਵਸਨੀਕ 42 ਸਾਲਾ ਸ਼ਾਮ ਸ਼ਰਣ ਪੁੱਤਰ ਛੇਦੀ ਰਾਮ ਵਜੋਂ ਹੋਈ ਹੈ। ਪੁਲਸ ਚੌਕੀ ਫੋਕਲ ਪੁਆਇੰਟ ਦੇ ਇੰਚਾਰਜ ਏ ਐੱਸ ਆਈ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਮੌਜੂਦ ਲੋਕਾਂ ਮੁਤਾਬਕ ਰਾਮ ਸ਼ਰਣ ਰੋਜ਼ ਵਾਂਗ ਕੱਲ੍ਹ ਸਵੇਰੇ ਫੁੱਟਪਾਥ 'ਤੇ ਆਪਣੀ ਰੇਹੜੀ ਲਾ ਕੇ ਸਬਜ਼ੀ ਵੇਚ ਰਿਹਾ ਸੀ। ਇਸੇ ਦੌਰਾਨ ਫੁੱਟਪਾਥ ਦੇ ਸਾਹਮਣੇ ਸਰਵਿਸ ਰੋਡ 'ਤੇ ਅੰਮ੍ਰਿਤਸਰ ਵੱਲੋਂ ਟਰਾਂਸਪੋਰਟ ਨਗਰ ਚੌਕ ਵੱਲ ਜਾ ਰਹੀ ਸਿਲਵਰ ਰੰਗ ਦੀ ਮਾਰੂਤੀ ਆਲਟੋ ਨੇ ਬੇਕਾਬੂ ਹੋ ਕੇ ਫੁੱਟਪਾਥ 'ਤੇ ਚੜ੍ਹ ਕੇ ਰੇਹੜੀ ਨੂੰ ਟੱਕਰ ਮਾਰੀ ਤਾਂ ਉਥੇ ਖੜ੍ਹੇ ਸਬਜ਼ੀ ਵਿਕਰੇਤਾ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਕਾਰ ਦੀ ਟੱਕਰ ਨਾਲ ਸਬਜ਼ੀ ਵਿਕਰੇਤਾ ਕਰੀਬ 15 ਫੁੱਟ ਉਛਲ ਕੇ ਉਥੇ ਲੱਗੇ ਰੁੱਖ ਨਾਲ ਟਕਰਾਅ ਕੇ ਜ਼ਮੀਨ 'ਤੇ ਡਿੱਗਿਆ। ਉਸ ਦੀ ਮੌਤ ਹੋ ਗਈ।

# 'ਪੰਜਾਬੀ ਚੈਰਿਟੀ' ਵੱਲੋਂ ਪੰਜਾਬੀ ਭਾਸ਼ਣ ਮੁਕਾਬਲੇ ਇਕ ਮਾਰਚ ਨੂੰ

ਬਰੈਂਪਟਨ, (ਡਾ. ਝੰਡ) -ਪੰਜਾਬੀ ਅਧਿਆਪਕ ਗੁਰਜੀਤ ਸਿੰਘ ਤੋਂ ਪ੍ਰਾਪਤ ਸੂਚਨਾ ਅਨੁਸਾਰ 'ਪੰਜਾਬੀ ਚੈਰਿਟੀ ਫ਼ਾਊਂਡੇਸ਼ਨ' ਵੱਲੋਂ ਪੰਜਾਬੀ ਭਾਸ਼ਨ ਮੁਕਾਬਲੇ ਮਾਲਟਨ ਦੇ ਲਿੰਕਨ ਐੱਮ. ਅਲੈਗਜ਼ੈਂਡਰ ਸਕੂਲ ਵਿਚ ਪਹਿਲੀ ਮਾਰਚ ਨੂੰ ਬਾਅਦ ਦੁਪਹਿਰ 1.30 ਵਜੇ ਤੋਂ ਸ਼ਾਮ 5.00 ਵਜੇ ਤੀਕ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਦੇ ਬੋਲਣ ਲਈ ਹਰ ਸਾਲ ਵਾਂਗ ਇਸ ਵਾਰ ਵੀ ਵੱਖ-ਵੱਖ ਉਮਰ-ਵਰਗਾਂ ਲਈ ਵੱਖ-ਵੱਖ ਵਿਸ਼ੇ ਰੱਖੇ ਗਏ ਹਨ। ਜੇ.ਕੇ/ਐੱਸ.ਕੇ. ਤੋਂ ਗਰੇਡ 7-8 ਦੇ ਬੁਲਾਰਿਆਂ ਲਈ ਵਿਸ਼ਾ "ਮਨਪਸੰਦ ਖੇਡ ਅਤੇ ਖੇਡਾਂ ਦੀ ਜੀਵਨ ਵਿਚ ਮਹੱਤਤਾ" ਰੱਖਿਆ ਗਿਆ ਹੈ, ਜਦ ਕਿ ਗਰੇਡ 9-10 ਤੋਂ ਗਰੇਡ 11-12 ਅਤੇ ਬਾਲਗਾਂ ਲਈ ਵਿਸ਼ਾ "ਔਰਤ ਦਾ ਸਾਡੇ ਸਮਾਜ ਵਿਚ ਯੋਗਦਾਨ" ਹੈ। ਕਾਲਜਾਂ ਤੇ ਯੂਨੀਵਰਸਿਟੀ ਵਿਦਿਆਰਥੀਆਂ ਲਈ ਵੀ ਏਹੀ ਵਿਸ਼ਾ, ਭਾਵ "ਔਰਤ ਦਾ ਸਾਡੇ ਸਮਾਜ ਵਿਚ ਯੋਗਦਾਨ" ਹੀ ਹੈ। ਇਨ੍ਹਾਂ ਮੁਕਾਬਲਿਆਂ ਵਿਚ ਭਾਗ ਲੈਣ ਵਾਲਿਆਂ ਨੂੰ ਹੁਣ ਤੋਂ ਹੀ ਚੰਗੀ ਤਿਆਰੀ ਕਰਨ ਕਰਨ ਦਾ ਮਸ਼ਵਰਾ ਦਿੱਤਾ ਜਾਂਦਾ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ 'ਪੰਜਾਬੀ ਚੈਰਿਟੀ ਫ਼ਾਊਂਡੇਸ਼ਨ' ਵੱਲੋਂ ਹਰ ਸਾਲ ਮਾਰਚ ਮਹੀਨੇ ਵਿਚ ਕਰਵਾਏ ਜਾਂਦੇ ਭਾਸ਼ਨ ਮੁਕਾਬਲਿਆਂ ਅਤੇ ਅਗੱਸਤ ਮਹੀਨੇ ਦੌਰਾਨ ਪੰਜਾਬੀ ਲਿਖਾਈ ਮੁਕਾਬਲਿਆਂ ਵਿਚ ਵੱਡੀ ਗਿਣਤੀ ਵਿਚ ਵੱਖ-ਵੱਖ ਉਮਰ-ਵਰਗਾਂ ਦੇ ਵਿਦਿਆਰਥੀ ਅਤੇ ਬਾਲਗ਼ ਪ੍ਰਤੀਯੋਗੀ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਹਨ ਜਿਨ੍ਹਾਂ ਵਿਚ ਕਈ ਵਾਰ 60-70 ਸਾਲ ਜਾਂ ਇਸ ਤੋਂ ਵੀ ਵਧੀਕ ਉਮਰ ਦੇ ਵਿਅੱਕਤੀ ਹਿੱਸਾ ਲੈਂਦੇ ਹਨ ਅਤੇ ਉਨ੍ਹਾਂ ਨੂੰ ਸਰਟੀਫ਼ੀਕੇਟ ਅਤੇ ਖ਼ੂਬਸੂਰਤ ਮੈਡਲ ਤੇ ਦਿਲਕਸ਼ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਪੰਜਾਬੀ ਕਮਿਊਨਿਟੀ ਵਿਚ ਇਹ ਈਵੈਂਟ ਕਾਫ਼ੀ ਹਰਮਨ-ਪਿਆਰੇ ਹਨ ਅਤੇ ਮਾਪੇ ਆਪਣੇ ਬੱਚਿਆਂ ਨੂੰ ਇਨ੍ਹਾਂ ਵਿਚ ਭਾਗ ਲੈਣ ਲਈ ਵੱਡੀ ਗਿਣਤੀ ਵਿਚ ਲੈ ਕੇ ਆਉਂਦੇ ਹਨ।

ਉਮੀਦ ਕੀਤੀ ਜਾਂਦੀ ਹੈ ਕਿ ਇਸ ਵਾਰ ਵੀ ਇਨ੍ਹਾਂ ਮੁਕਾਬਲਿਆਂ ਵਿਚ ਪ੍ਰਤੀਯੋਗੀ ਵੱਡੀ ਗਿਣਤੀ ਵਿਚ ਭਾਗ ਲੈਣਗੇ। ਇਨ੍ਹਾਂ ਮੁਕਾਬਲਿਆਂ ਸਬੰਧੀ ਵਧੇਰੇ ਜਾਣਕਾਰੀ ਲਈ ਪ੍ਰਤੀਯੋਗੀ ਦਾ ਨਾਮ ਅਤੇ ਗਰੇਡ ਲਿਖ ਕੇ gurnam_dhillon@live.ca 'ਤੇ ਈ-ਮੇਲ ਕੀਤੀ ਜਾ ਸਕਦੀ ਹੈ ਜਾਂ ਫਿਰ ਤੁਸੀਂ 647-990-6489 ਜਾਂ 647-287-2577 'ਤੇ ਫ਼ੋਨ ਕਰਕੇ ਵੀ ਇਹ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

# ਓ.ਬੀ.ਸੀ. ਸਮਾਜ ਸੰਗਠਨ ਦੇ ਵਫਦ ਨੇ ਡੀ.ਸੀ. ਨੂੰ ਦਿੱਤਾ ਮੰਗ ਪੱਤਰ

ਮੋਗਾ, 17 ਫਰਵਰੀ (ਗਿਆਨ ਸਿੰਘ): ਓ.ਬੀ.ਸੀ ਸਮਾਜ ਸੰਗਠਨ ਮੋਗਾ ਦਾ ਇੱਕ ਵਫਦ ਕਨਵੀਨਰ ਗੁਰਪ੍ਰੀਤਮ ਸਿੰਘ ਚੀਮਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਮੋਗਾ ਸੰਦੀਪ ਹੰਸ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਇੱਕ ਮੰਗ ਪੱਤਰ ਵੀ ਦਿੱਤਾ। ਇਸ ਮੌਕੇ ਗੁਰਪ੍ਰੀਤਮ ਸਿੰਘ ਚੀਮਾ ਨੇ ਕਿਹਾ ਕਿ ਮੰਗ ਪੱਤਰ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਭਾਰਤ ਅਤੇ ਪੰਜਾਬ ਸਰਕਾਰ ਵਿਚ ਪਿਛੜੀਆਂ ਸ਼੍ਰੇਣੀਆਂ ਨੂੰ ਆਰਕਸ਼ਨ/ਰਿਜਰਵੇਸ਼ਨ ਦੇਣ ਲਈ ਸੋਧ 85ਵੇਂ ਅਤੇ ਮੰਡਲ ਕਮਿਸ਼ਨ ਦੀ ਰਿਪੋਰਟ ਦੇ ਅਧਾਰ ਤੇ 27 ਪ੍ਰਤੀਸ਼ਤ ਆਰਕਸ਼ਨ/ਰਿਜਰਵੇਸ਼ਨ ਕੋਟਾ ਲਾਗੂ ਕੀਤਾ ਜਾਵੇ। ਭਾਰਤ ਵਿਚ 2021 ਹੋਣ ਵਾਲੀ ਜਨਗਣਨਾ ਦੇ ਰਜਿਸਟਰ ਵਿਚ ਪਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਦਾ ਕਾਲਮ ਲਾਜ਼ਮੀ ਬਣਾਇਆ ਜਾਵੇ।



ਵਫਦ ਵਿੱਚ ਇਸ ਮੌਕੇ ਕੁਲਦੀਪ ਸਿੰਘ ਬੱਸੀਆਂ, ਗੁਰਜੰਟ ਸਿੰਘ, ਚਰਨਜੀਤ ਸਿੰਘ ਝੰਡੇਆਣਾ ਕੌਂਸਲਰ, ਕੰਵਰ ਸਿੰਘ ਐਡਵੋਕੇਟ, ਗੁਰਸੇਵਕ ਸਿੰਘ ਸੰਨਿਆਸੀ, ਦਰਸ਼ਨ ਸਿੰਘ ਡੱਗਰੂ, ਸੁਰਿੰਦਰ ਸਿੰਘ, ਦਵਿੰਦਰ ਸਿੰਘ ਜੌੜਾ, ਸੁਰਿੰਦਰ ਸਿੰਘ ਬਾਵਾ, ਐਡਵੋਕੇਟ ਅਜੀਤ ਵਰਮਾ ਆਦਿ ਹਾਜ਼ਰ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132" 88" 8 Seated Sofa
- ਅਸੀਂ ਸੌਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

Experienced, Established & Committed
Alliance Legal Services Professional Corporation
Legal Counsel: Jack Fireman, Q.C.
ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ
Gursharan (Bobby) Sidhu
President
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੋਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
Team of Experienced Lawyers & Paralegals serving the community for more than 10 years.
Free Consultation
For Maximum Benefits, Big Settlement & Excellent Service, Call:
Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

## ਪਾਕਿਸਤਾਨ ਯਾਤਰਾ ਭਾਗ- 2

# ਹਾਸੇ ਠੱਠੇ ਅਤੇ ਇਕਾਗਰ ਬਿਰਤੀ ਦਾ ਦਿਨ










...ਪੰਨਾ 1 ਦਾ ਬਾਕੀ

ਅਗਲੇ ਦਿਨ ਅਸੀਂ ਇਸਲਾਮਾਬਾਦ ਤੋਂ ਡੇਢ ਦੋ ਘੰਟੇ ਦਾ ਸਫ਼ਰ ਕਰਕੇ ਪੰਜਾ ਸਾਹਿਬ ਪੁੱਜੇ ਜੋ ਹਸਨ ਅਬਦਾਲ ਸ਼ਹਿਰ ਵਿੱਚ ਸਥਿਤ ਹੈ। ਸਾਨੂੰ ਆਸ ਸੀ ਕਿ ਅਟੱਕ ਜਿਲ਼ੇ ਦੇ ਇਸ ਸ਼ਹਿਰ ਵਿੱਚ ਪੰਜਾ ਸਾਹਿਬ ਦੇ ਸਾਨੂੰ ਦੂਰ ਤੋਂ ਹੀ ਦਰਸ਼ਨ ਹੋ ਜਾਣਗੇ। ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਸਾਨੂੰ ਆਲੇ ਦੁਆਲ ਵੇਖਣ ਉੱਤੇ ਵੀ ਕੋਈ ਗੁਰਦੁਆਰਾ ਸਾਹਿਬ ਦੀ ਇਮਾਰਤ ਨਜ਼ਰ ਨਾ ਪਈ। ਜਦੋਂ ਅਸੀਂ ਗੁਰਦੁਆਰਾ ਸਾਹਿਬ ਦੇ ਲਾਗੇ ਪੁੱਜ ਗਏ, ਉਸ ਵੇਲੇ ਵੀ ਇਮਾਰਤ ਸਾਧਾਰਨ ਜਿਹੀ ਜਾਪੀ ਜਿਸ ਕਾਰਣ ਸਾਡਾ ਮਨ ਥੋੜਾ ਮਾਯੂਸ ਹੋ ਗਿਆ। ਮਨ ਵਿੱਚੋਂ ਆਵਾਜ਼ ਨਿਕਲੀ, ਕੀ 'ਆਹ ਗੁਰਦੁਆਰਾ ਸਾਹਿਬ ਹੈ'? ਸਾਡੇ ਮਨ ਦਾ ਭਰਮ ਉਸ ਵੇਲੇ ਦੂਰ ਹੋਇਆ ਜਦੋਂ ਅਸੀਂ ਬਾਹਰਕਾ ਦਰਵਾਜ਼ਾ ਪਾਰ ਕਰਕੇ ਅੰਦਰ ਗਏ ਜਿੱਥੇ ਸਾਨੂੰ ਗੁਰਦੁ-ਆਰਾ ਸਾਹਿਬ ਦੀ ਆਲੀਸ਼ਾਨ ਇਮਾਰਤ ਦੇ ਦੀਦਾਰ ਹੋਏ। ਗੁਰਦੁਆਰਾ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬ ਸਾਨੂੰ ਬਾਹਰ ਮਿਲਣ ਲਈ ਆ ਗਏ ਜਿੱਥੇ ਤੋਂ ਉਹ ਸਾਨੂੰ ਸਿੱਧਾ ਉੱਥੇ ਲੈ ਗਏ ਜਿੱਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੇਜ ਰਫ਼ਤਾਰ ਰੁੜੇ ਆ ਰਹੇ ਪਹਾੜ ਦੇ ਭਾਰੀ ਪੱਥਰ ਨੂੰ ਆਪਣੇ ਕਰ-ਕਮਲਾਂ ਨਾਲ ਰੋਕ ਦਿੱਤਾ ਸੀ। ਇਸ ਥਾਂ ਦੇ ਚਾਰੇ ਪਾਸੇ ਸਾਫ਼ ਸੁਥਰਾ ਪਾਣੀ ਬਹੁਤ ਹੀ ਸਹਿਜ ਰਫ਼ਤਾਰ ਨਾਲ ਵੱਗ ਰਿਹਾ ਹੈ ਜਿਸਦੀ ਮਨਮੋਹਕ ਕਲ ਕਲ ਕਰਦੀ ਆਵਾਜ਼ ਤੁਹਾਡੇ ਅੰਦਰ ਅੱਲਾਹੀ ਸਕੂਨ ਪੈਦਾ ਕਰਦੀ ਹੈ। ਇਸ ਸਥਾਨ ਉੱਤੇ ਬਹੁਤ ਸਾਰੀਆਂ ਮੱਛੀਆਂ ਹਨ ਜੋ ਹੈਰਾਨੀ ਭਰੇ ਢੰਗ ਨਾਲ ਪੱਥਰ ਦੇ ਆਲੇ ਦੁਆਲੇ ਘੁੰਮਦੀਆਂ ਇੰਝ ਜਾਪਦੀਆਂ ਹਨ ਜਿਵੇਂ ਸ਼ਰਧਾ ਨਾਲ ਪਰੀਕਰਮਾ ਕਰ ਰਹੀਆਂ ਹੋਣ।

ਉਪਰੰਤ ਅਸੀਂ ਅੰਦਰ ਗੁਰ-ਦੁਆਰਾ ਸਾਹਿਬ ਵਿਖੇ ਆਏ ਜਿੱਥੇ ਭਾਈ ਸਾਹਿਬ ਨੇ ਹੁਕਮਨਾਮੇ ਤੋਂ ਬਾਅਦ ਅਰਦਾਸ ਕੀਤੀ। ਸਾਨੂੰ ਮੁੱਖ ਗ੍ਰੰਥੀ ਸਾਹਿਬ ਵੱਲੋਂ ਸਿਰੋਪਾਓ ਵੀ ਬਖਸ਼ਿਸ਼ ਕੀਤੇ ਗਏ ਅਤੇ ਗੁਰਦੁਆਰਾ ਸਾਹਿਬ ਦੇ



ਇਤਿਹਾਸ ਬਾਰੇ ਖੁੱਲ ਕੇ ਜਾਣਕਾਰੀ ਦਿੱਤੀ। ਉਹਨਾਂ ਇਹ ਵੀ ਦੱਸਿਆ ਕਿ ਇੱਥੇ ਹਰ ਸਾਲ 3000 ਹਜ਼ਾਰ ਦੇ ਕਰੀਬ ਸ਼ਰਧਾਲੂ ਇੰਗਲੈਂਡ ਤੋਂ, 1000 ਕੈਨੇਡਾ ਤੋਂ, 1000 ਦੇ ਕਰੀਬ ਆਸਟਰੇਲੀਆ ਅਤੇ ਹੋਰ ਮੁਲਕਾਂ ਤੋਂ ਅਤੇ 3000 ਦਾ ਜੱਥਾ ਭਾਰਤ ਤੋ ਪੁੱਜਦਾ ਹੈ। ਜ਼ਿਆਦਤਰ ਸੰਗਤ ਦਾ ਆਉਣਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਦਿਨਾਂ ਵਿੱਚ ਹੁੰਦਾ ਹੈ। 40 ਕੁ ਹਜ਼ਾਰ ਵੱਸੋਂ ਵਾਲੇ ਇਸ ਸ਼ਹਿਰ ਵਿੱਚ ਸਿੱਖਾਂ ਦੇ 125 ਦੇ ਕਰੀਬ ਪਰਿਵਾਰ ਹਨ ਜਿਹਨਾਂ ਵਿੱਚੋਂ 15 ਸਹਿਜਧਾਰੀਆਂ ਦੇ ਹਨ ਅਤੇ ਬਾਕੀ ਅੰਮ੍ਰਿਤਧਾਰੀ ਹਨ। ਗੁਰਦੁਆਰਾ ਸਾਹਿਬ ਦੀ ਜ਼ਿਆਦਾਤਰ ਇਮਾਰਤ ਦੀ ਉਸਾਰੀ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਯਾਤਰੂਆਂ ਲਈ 120 ਕਮਰਿਆਂ ਵਾਲੀ ਏਅਰ ਕੰਡੀਸ਼ਨ ਕਮਰਿਆਂ ਨਾਲ ਲੈਸ ਆਧੁਨਿਕ ਸਹੂਲਤਾਂ ਵਾਲੀ ਸਰਾਂ ਹੈ ਜਿਸ ਨੂੰ ਪਾਕਿਸਤਾਨ ਸਰਕਾਰ ਵੱਲੋਂ ਤਾਮੀਰ ਕਰਵਾਇਆ ਗਿਆ ਹੈ। ਸਿੱਖ ਭਾਈਚਾਰੇ ਦਾ ਇੱਕ ਸਕੂਲ ਹੈ ਜਿੱਥੇ ਬੱਚਿਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਪੰਜਾਬੀ ਅਤੇ ਗੁਰਬਾਣੀ ਦੀ ਤਾਲੀਮ ਵੀ ਦਿੱਤੀ ਜਾਂਦੀ ਹੈ। ਪੰਜਾ ਸਾਹਿਬ ਵਿੱਚ ਮਾਹੌਲ ਐਸਾ ਸੀ ਕਿ ਸਾਡੇ ਹਿਰਦੇ ਜਿਵੇਂ ਅਮਨ ਸ਼ਾਂਤੀ ਨਾਲ ਭਰ ਗਏ ਹੋਣ। ਇੱਥੇ ਵੱਗਦੇ ਪਾਣੀ ਦਾ ਮਧੁਰ ਸੰਗੀਤ ਤੁਹਾਡੇ ਦਿਲ ਦਿਮਾਗ ਨੂੰ ਠੰਡਕ ਪਹੁੰਚਾਉਂਦਾ ਹੈ।

ਪੰਜਾ ਸਾਹਿਬ ਤੋਂ ਅਸੀਂ ਦੁਬਾਰਾ ਇਸਲਾਮਾਬਾਦ ਆ ਗਏ ਜਿੱਥੇ ਸਾਡਾ ਮਿਲਣਾ 92 ਐਚ ਡੀ ਟੈਲੀਵਿਜ਼ਨ ਦੇ ਐਂਕਰ ਮੋਈਦ ਪੀਰਜ਼ਾਦਾ ਨਾਲ ਹੋਇਆ। ਪਾਕਿਸਤਾਨ ਦੀਆਂ ਸੱਭ ਤੋਂ ਮਸ਼ਹੂਰ ਟੀ ਵੀ ਹਸਤੀਆਂ ਵਿੱਚੋਂ ਇੱਕ ਪੀਰਜ਼ਾਦਾ ਦੇ ਨਾਲ ਸਾਨੂੰ ਕਈ ਹੋਰ ਸੀਨੀਅਰ ਪੱਤਰਕਾਰਾਂ ਨਾਲ ਮਿਲਣ ਦਾ ਮੌਕਾ ਹਾਸਲ ਹੋਇਆ। ਨਿਊਯਾਰਕ ਤੋਂ ਪੜ ਕੇ ਵਾਪਸ ਪਾਕਿਸਤਾਨ ਵਿੱਚ ਕੰਮ ਕਰ ਰਹੇ ਪੀਰਜ਼ਾਦਾ ਨਾਲ ਸਾਡੀ ਮੁਲਾਕ-ਾਤ ਦੌਰਾਨ ਕੈਨੇਡਾ ਬਾਰੇ ਖੂਬ ਗੱਲਾਂ ਹੋਈਆਂ ਖਾਸ ਕਰਕੇ ਸਿੱਖਾਂ ਦੇ ਕੈਨੇਡੀਅਨ ਸਿਆਸਤ ਵਿੱਚ ਨਿਵੇਕਲੇ ਸਥਾਨ ਬਾਰੇ। ਇਸ ਚਰਚਾ ਦੌਰਨ ਅਸੀਂ ਭਾਰਤ ਤੋਂ ਕਰਤਾਰਪੁਰ ਸਾਹਿਬ ਦਰਸ਼ਨ ਕਰਨ ਆਉਣ ਵਾਲੇ ਸਿੱਖਾਂ ਲਈ ਪਾਸ-ਪੋਰਟ ਦੀ ਲੋੜ ਨੂੰ ਦੂਰ ਕਰਨ ਦਾ ਨੁਕਤਾ ਵੀ ਚੁੱਕਿਆ। ਸਾਨੂੰ ਦੱਸਿਆ ਗਿਆ ਕਿ ਪਾਸਪੋਰਟ ਦੀ ਲੋੜ ਬਾਰੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਟਵੀਟ ਵੀ ਕੀਤਾ ਸੀ ਪਰ ਦੋਵਾਂ ਮੁਲਕਾਂ ਦਰਮਿਆਨ ਇਕਰ-ਾਰਨਾਮੇ ਦੀਆਂ ਕੁੱਝ ਮੱਦਾਂ ਕਾਰਣ ਹਾਲੇ ਮਾਮਲਾ ਰੁਕਿਆ ਹੋਇਆ ਹੈ।

ਜਦੋਂ ਅਸੀਂ ਇਹ ਗੱਲਾਂ ਕਰ ਰਹੇ ਸੀ ਤਾਂ ਇੱਕ ਅਜਿਹਾ ਵਾਕਿਆ ਵਾਪਰਿਆ ਜਿਸ ਤੋਂ ਬਾਅਦ ਸਾਰਿਆਂ ਦੇ ਹੱਸ ਹੱਸ ਕੇ ਢਿੱਡੀਂ ਪੀੜਾਂ ਪੈ ਗਈਆਂ। ਹੋਇਆ ਇਹ ਕਿ ਮੋਈਦ ਪੀਰਜ਼ਾਦਾ ਅਤੇ ਉਹਨਾਂ ਨਾਲ ਟੋਰਾਂਟੋ ਵਿੱਚ ਰਾਇਰਸਨ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਮੁਰਤਜਾ ਕੈਨੇਡਾ ਅਤੇ ਇਸਦੀ ਸਿਆਸਤ ਬਾਰੇ ਗੱਲਾਂ ਕਰ ਰਹੇ ਸਨ। ਗੱਲ ਚੱਲਦੀ ਚੱਲਦੀ 1984 ਦੇ ਸਮੁੱਚੇ ਘਟਨਾ ਕ੍ਰਮ ਅਤੇ ਏਅਰ ਇੰਡੀਆ ਫਲਾਈਟ 182 ਵਿੱਚ ਹੋਏ ਬੰਬ ਧਮਾਕੇ ਵੱਲ ਆ ਗਈ। ਇਹ ਵਿਚਾਰ ਚਰਚਾ ਬਹੁਤ ਹੀ ਸਹਿਜ ਮਾਹੌਲ ਵਿੱਚ ਹੋ ਰਹੀ ਸੀ। ਜਿਸ ਵੇਲੇ ਪ੍ਰੋਫੈਸਰ ਸਾਹਿਬ ਨੇ ਏਅਰ ਇੰਡੀਆ ਫਲਾਈਟ ਦੇ ਸੰਦਰਭ ਵਿੱਚ ਬੰਬ ਧਮਾਕੇ ਦਾ ਨਾਮ ਲਿਆ, ਐਨ ਉਸੇ ਵੇਲੇ ਜਿਸ ਕੁਰਸੀ ਉੱਤੇ ਮੈਂ ਬੈਠਾ ਸੀ, ਉਸਦਾ ਇੱਕ ਪਰੈਸ਼ਰ ਸਪਰਿੰਗ ਟੁੱਟ ਕੇ ਪਹਿਲਾਂ ਕੰਧ ਨਾਲ ਲੱਗਿਆ ਅਤੇ ਫੇਰ ਘੁੰਮ ਕੇ ਦੂਜੇ ਪਾਸੇ ਜਾ ਵੱਜਿਆ। ਬੱਸ ਫੇਰ ਕੀ ਸੀ, ਸਾਰੇ ਲੋਕ ਸਹਿਮ ਕੇ ਇੱਧਰ ਉੱਧਰ ਖਿੱਲਰ ਗਏ। ਪਹਿਲਾਂ ਤਾਂ ਸਾਰੇ ਬਹੁਤ ਜਿਆਦਾ ਗੰਭੀਰ ਹੋ ਗਏ ਪਰ ਜਦੋਂ ਮੈਂ ਦੱਸਿਆ ਕਿ ਇਹ ਸਾਰੀ ਸ਼ੈਤਾਨੀ ਤਾਂ ਮੇਰੀ ਕੁਰਸੀ ਵਿੱਚੋਂ ਨਿਕਲੇ ਸਪਰਿੰਗ ਦੀ ਹੈ ਤਾਂ ਸਾਰਿਆਂ ਦਾ ਅਚਾਨਕ ਜੋਰਦਾਰਾ ਹਾਸਾ ਨਿਕਲ ਗਿਆ। ਫੇਰ ਇਹ ਹਾਸਾ ਅਜਿਹਾ ਜਨੂੰਨੀ ਸਾਬਤ ਹੋਇਆ ਕਿ ਕਿੰਨਾ ਚਿਰ ਸਾਰੇ ਹੀ ਖੁੱਲ ਕੇ ਠਹਾਕੇ ਲਾਉਂਦੇ ਰਹੇ। ਰਾਤ ਨੂੰ ਇੱਕ ਵਜੇ ਦੇ ਕਰੀਬ ਸਾਡੇ ਹੋਟਲ ਵਿੱਚ ਵਾਪਸ ਆਉਣ ਤੱਕ ਇਸ ਗੱਲ ਦੇ ਜ਼ਿਕਰ ਨੂੰ ਲੈ ਕੇ ਹਾਸਾ ਚੱਲਦਾ ਰਿਹਾ।

ਪੱਤਰਕਾਰਾਂ ਕੋਲੋਂ ਆਗਿਆ ਲੈਣ ਤੋਂ ਬਾਅਦ ਸਾਨੂੰ 770 ਏ ਐਮ ਦੀ ਮਾਲਕ ਆਰਫਾ ਮੁੱਜ਼ਫਰ ਅਤੇ ਸਾਡੇ ਇਸ ਟੂਰ ਦੀ ਹੋਸਟ ਸਾਨੂੰ ਡਿੱਨਰ ਕਰਵਉਣ ਲਈ ਇਸਲਾਮਾਬਾਦ ਤੋਂ ਬਾਹਰ ਪੈਂਦੇ ਮਨਾਲ ਹਿੱਲ ਸਟੇਸ਼ਨ ਲੈ ਕੇ ਗਏ। ਇਸ ਉੱਚੇ ਸ਼ਾਨਦਾਰ ਪਹਾੜੀ ਖੇਤਰ ਤੋਂ ਇਸਲਾਮਾਬਾਦ ਇੰਝ ਦਿੱਸਦਾ ਹੈ ਜਿਵੇਂ ਸੀ ਐਨ ਟਾਵਰ ਤੋਂ ਟੋਰਾਂਟੋ ਸ਼ਹਿਰ ਦੀ ਰੌਣਕ ਵੇਖੀ ਜਾ ਸਕਦੀ ਹੈ। ਅਸੀਂ ਰਾਤ 11 ਵਜੇ ਤੱਕ ਇੱਥੇ ਡਿੱਨਰ ਕੀਤਾ ਅਤੇ ਫੇਰ ਥੱਲੇ ਭਾਵ ਇਸਲਾਮਾਬਾਦ ਆ ਕੇ ਤੰਦੂਰੀ ਚਾਹ ਪੀਤੀ। ਵਰਨਣਯੋਗ ਹੈ ਕਿ ਪਾਕਿਸਤਾਨ ਵਿੱਚ ਸ਼ਰਾਬ ਵੇਚਣ ਉੱਤੇ ਮਨਾਹੀ ਹੋਣ ਕਾਰਣ ਜੇ ਤੁਸੀਂ ਸ਼ਰਾਬ ਦਾ ਥੋੜਾ ਜਿਹਾ ਜ਼ਿਕਰ ਵੀ ਕਰੋ ਤਾਂ ਲੋਕੀ ਆਲੇ ਦੁਆਲੇ ਵੇਖਣ ਲੱਗ ਪੈਂਦੇ ਹਨ ਕਿ ਕਿਤੇ ਕੋਈ ਵੇਖ ਤਾਂ ਨਹੀਂ ਰਿਹਾ। ਸ਼ਰਾਬ ਦੀ ਮਨਾਹੀ ਹੋਣ ਕਾਰਣ ਇੱਥੇ ਸ਼ਾਮ ਦੀਆਂ ਰੌਣਕਾਂ ਜ਼ਿਆਦਾਤਰ ਚਾਹ ਅਤੇ ਸਿਗਰਟਾਂ ਦੁਆਲੇ ਲੱਗਦੀਆਂ ਹਨ। ਚਾਹ ਸਾਨੂੰ ਪਿਲਾਈ ਗਈ ਉਹ ਬਹੁਤ ਹੀ ਕੜਕ ਅਤੇ ਸੁਆਦਲੀ ਸੀ। ਰਣਧੀਰ ਰਾਣਾ ਨੇ ਇੱਥੇ ਆਪਣੀ ਗਾਇਕੀ ਦਾ ਰੰਗ ਵੀ ਬੰਨਿਆ ਜਿਸਤੋਂ ਬਾਅਦ ਅਸੀਂ ਕੁਰਸੀ ਵਿੱਚੋਂ ਨਿਕਲੇ ਸਪਰਿੰਗ ਦੀ ਕਾਰਸਤਾਨੀ ਚੇਤੇ ਕਰਕੇ ਹੱਸਦੇ ਹਸਾਉਂਦੇ ਹੋਟਲ ਆ ਪੁੱਜੇ।

.....ਬਾਕੀ ਕੱਲ੍ਹ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਦੇਸ਼ ਭਰ 'ਚ ਚੱਲ ਰਹੇ ਮੁਜ਼ਾਹਰਿਆਂ ਦਾ ਜਲਦ ਤੇ ਸ਼ਾਂਤਮਈ ਹੱਲ ਚਾਹੁੰਦੀ ਹੈ ਫੈਡਰਲ ਸਰਕਾਰ

...ਪੰਨਾ 1 ਦਾ ਬਾਕੀ

ਇੱਥੇ ਦੱਸਣਾ ਬਣਦਾ ਹੈ ਕਿ ਦੇਸ਼ ਭਰ ਵਿੱਚ ਵੈਟਸੂਵੈਟਨ ਨੇਸ਼ਨ, ਜਿਸ ਦੇ ਚੀਫ ਆਪਣੀ ਜੱਦੀ ਪੁਰਖੀ ਟੈਰੇਟਰੀ ਵਿੱਚ ਵਿਵਾਦਗ੍ਰਸਤ ਕੋਸਟਲ ਗੈਸ ਲਿੰਕ ਪਾਈਪਲਾਈਨ ਵਿਛਾਏ ਜਾਣ ਦਾ ਵਿਰੋਧ ਕਰ ਰਹੇ ਹਨ, ਦੇ ਸਮਰਥਨ ਵਿੱਚ ਮੁਜ਼ਾਹਰਾਕਾਰੀ ਰੇਲਵੇ ਲਾਈਨਾਂ ਬਲਾਕ ਕਰ ਰਹੇ ਹਨ। ਵੀਕੈਂਡ ਉੱਤੇ ਮਿਲਰ ਵੱਲੋਂ ਬੈਲੇਵਿਲੇ, ਓਨਟਾਰੀਓ ਨੇੜੇ ਤਾਇਡਿਨਾਗਾ ਮੋਹਾਕ ਟੈਰੇਟਰੀ ਵਿੱਚ ਉਸ ਥਾਂ ਦਾ ਦੌਰਾ ਕੀਤਾ ਗਿਆ ਸੀ ਜਿੱਥੇ ਮੋਹਾਕ ਨੇਸ਼ਨ ਨਾਲ ਮੀਟਿੰਗ ਦੌਰਾਨ ਹਾਲਾਤ ਵਿੱਚ ਥੋੜ੍ਹਾ ਸੁਧਾਰ ਆਇਆ। ਪਰ ਅਜੇ ਬਹੁਤ ਕੁੱਝ ਕੀਤੇ ਜਾਣ ਦੀ ਲੋੜ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਅਜੇ ਇਸ ਪਾਸੇ ਸਫਲਤਾ ਹਾਸਲ ਕਰਨ ਵਿੱਚ ਲੰਮਾਂ ਸਮਾਂ ਲੱਗੇਗਾ ਕਿਉਂਕਿ ਸਿਆਸਤਦਾਨਾਂ ਤੇ ਪੁਲਿਸ ਦੇ ਮੂਲਵਾਸੀ ਗਰੁੱਪਾਂ ਨਾਲ ਸਬੰਧ ਬਹੁਤੇ ਚੰਗੇ ਨਹੀਂ ਹਨ।

## ਮਨੀਲਾ ਵਿੱਚ ਮੋਗਾ ਦੇ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ

ਅਜੀਤਵਾਲ, 17 ਫਰਵਰੀ (ਪੋਸਟ ਬਿਊਰੋ)- ਫਿਲਪਾਈਨ ਵਿੱਚ ਮੋਗਾ ਜ਼ਿਲੇ ਦੇ ਇੱਕ ਨੌਜਵਾਨ ਦੀ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਖਬਰ ਹੈ। ਇਸ ਤੋਂ ਪਹਿਲਾਂ ਵੀ ਓਥੇ ਕਈ ਪੰਜਾਬੀਆਂ ਦੇ ਕਤਲ ਹੋ ਚੁੱਕੇ ਹਨ। ਇਸ ਬਾਰੇ ਪਿੰਡ ਕੋਕਰੀ ਹੇਰਾਂ ਦੀ ਸਰਪੰਚ ਜਸਵੀਰ ਕੌਰ ਨੇ ਦੱਸਿਆ ਕਿ ਨੌਜਵਾਨ ਮੱਘਰ ਸਿੰਘ ਉਮਰ 38 ਸਾਲ ਵਾਸੀ ਦੌਲਤਪੁਰਾ ਉਚਾ (ਮੋਗਾ) ਪਿਛਲੇ 13 ਸਾਲਾਂ ਤੋਂ ਮਨੀਲਾ ਨੇੜੇ ਕਟਰਮਾਨ ਸ਼ਹਿਰ ਵਿੱਚ ਰਹਿ ਰਿਹਾ ਸੀ। ਉਹ ਰਾਤ ਨੂੰ ਕਰੀਬ ਨੌਂ ਵਜੇ ਆਪਣੀ ਪਤਨੀ, ਮਾਂ ਤੇ ਬੱਚੇ ਨਾਲ ਟੀ ਵੀ ਵੇਖ ਰਿਹਾ ਸੀ ਤਾਂ ਉਨ੍ਹਾ ਵੇਖਿਆ ਕਿ ਕੋਈ ਉਨ੍ਹਾਂ ਦੇ ਘਰ ਦੀ ਬਾਰੀ ਵਿੱਚੋਂ ਦੇਖ ਰਿਹਾ ਹੈ। ਜਦੋਂ ਉਹ ਉਠ ਕੇ ਬਾਹਰ ਵੇਖਣ ਗਿਆ ਤਾਂ ਤਾਕ 'ਚ ਬੈਠੇ ਇੱਕ ਵਿਅਕਤੀ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਮੱਘਰ ਸਿੰਘ ਦੀ ਮੌਤ ਹੋ ਗਈ।







GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648









# ਦਸਮੇਸ਼ ਜੀ ਅਤੇ ਨੰਦ ਸਿੰਘ ਜੀ ਦੀ ਸਾਖੀ



ਕਰਨੈਲ ਸਿੰਘ ਟੋਰਾਂਟੋ
416-746-7642

ਇਕ ਦਿਨ ਇਕ ਸਿੱਖ ਅਤੇ ਸਿੱਖਣੀ ਆਪਣੇ ਪੁੱਤਰ ਨੰਦ ਸਿੰਘ ਨੂੰ ਲੈਕੇ ਸੱਚੇ ਪਾਤਿਸ਼ਾਹ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ ਕਿ ਸਾਡੇ ਇਕਲੌਤੇ ਪੁਤ੍ਰ ਹੈ ਇਹ ਛੱਡ ਕੇ ਘਰ ਬਾਰ ਨੂੰ ਫਕੀਰ ਹੋਣਾ ਚਾਹੁੰਦਾ ਹੈ। ਆਪ ਇਸ ਨੂੰ ਸਮਝਾਓ ਜੀ ਸਾਡਾ ਬੇੜਾ ਬੰਨੇ ਲਾਓ ਜੀ। ਗੁਰੂ ਨੇ ਲੜਕੇ ਨੂੰ ਪੁੱਛਿਆ ਤੂੰ ਕਿਹੜੀ ਗਲੋਂ ਉਦਾਸ ਹੋਇਆ ਹੈਂ। ਲੜਕੇ ਨੇ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਆਪ ਨੇ ਲਿਖਿਆ ਹੈ।

ਏਹੁ ਕਟੰਬੁ ਤੂੰਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥ ਪੰਨਾ ੯੧੮

ਸਤਿਗੁਰੂ ਜੀ ਜੋ ਆਪ ਜੀ ਦਾ ਵਾਕ ਹੈ ਅੰਤ ਸਮੇਂ ਤੇਰੇ ਕੁੰਟਬੀ ਸੱਜਣ ਮਿਤ੍ਰ ਸਬੰਧੀ ਕੋਈ ਤੇਰੇ ਨਾਲ ਨਹੀਂ ਜਾਏਗਾ, ਨਾ ਕੋਈ ਮਦਦ ਕਰੇਗਾ। ਫੇਰ ਐਵੇਂ ਕਿਉਂ ਮੋਹ ਵਿਚ ਫਸੀਏ ਭਜਨ ਬੰਦਗੀ ਕਰੀਏ। ਦਸਮੇਸ ਜੀ ਕਿਹਾ ਕਾਕਾ ਨੰਦ ਸਿੰਘ ਨੂੰ ਤੈਨੂੰ ਅਸੀਂ ਦੋ ਗੱਲਾਂ ਦਸ ਦੇਂਦੇ ਹਾਂ ਤੂੰ ਜੇਹੜੀ ਮਰਜ਼ੀ ਕਰ ਲਈ ਤੇਰੇ ’ਤੇ ਹੀ ਛੱਡਦੇ ਹਾਂ। ਪਹਿਲਾਂ ਸਾਧ ਦੀ ਕਹਾਣੀ ਦਸਦੇ ਹਾਂ ਜੇ ਸਾਧ ਬਣਨਾ ਤਾਂ ਇਹੋ ਜਿਹਾ ਬਣੀ, ਇਕ ਸਾਧ ਇਕ ਪਿੰਡ ਦੇ ਬਾਹਰ ਜੰਗਲ ਵਿਚ ਕੁਟੀਆ ਵਿਚ ਰਹਿੰਦਾ ਸੀ। ਕੁਦਰਤ ਦੀ ਨੇਤ ਕਿਸੇ ਪਾਸਿਓਂ ਵੀ ਪ੍ਰਸਾਦ ਪਾਣੀ ਨਾ ਆਇਆ ਜਿਸ ਤਰ੍ਹਾਂ ਪਹਿਲਾਂ ਆਉਂਦਾ ਸੀ। ਭੁੱਖੇ ਨੂੰ ਸੱਤ ਦਿਨ ਬੀਤ ਗਏ ਪਾਣੀ ਪੀਕੇ ਭਜਨ ਕਰਨ ਬੈਠ ਜਾਵੇ। ਸੱਤਵੇ ਦਿਨ ਨਗਰ ਵਿਚ ਚਲਾ ਗਿਆ, ਕਿਸੇ ਆਦਰ ਨਾ ਦਿੱਤਾ ਇਕ ਘਰ ਵਿਚ ਕੋਈ ਪ੍ਰੋਗਰਾਮ ਸੀ ਵਿਆਹ ਆਦਿਕ ਭੰਡਾਰਾ ਵਰਤ ਰਿਹਾ ਹੈ। ਸਾਧੂ ਨੇ ਕਿਹਾ ਮੰਗਣਾ ਤਾਂ ਸਾਧੂ ਦਾ ਕਰਮ ਨਹੀਂ ਸਾਹਮਣੇ ਖੜ੍ਹੋ ਗਿਆ ਕਿ ਆਪੇ ਕੋਈ ਦੇ ਦੇਵੇ ਤਾਂ ਭੋਜਨ ਪਰਾਪਤ ਕਰ ਲਵਾਂਗੇ, ਪਰ ਕੁਦਰਤ ਦੀ ਮਰਜ਼ੀ ਕਿਸੇ ਨੇ ਸਾਧੂ ਨੂੰ ਨਹੀਂ ਪੁੱਛਿਆ। ਵਾਪਸ ਆ ਕੇ ਕੁਟੀਆ ’ਤੇ ਭੁਖਾ-ਭਾਣਾ ਬੈਠ ਗਿਆ ਅਤੇ ਕਹਿੰਦਾ ਉਨ੍ਹਾਂ ਦਾ ਭਲਾ ਹੋਵੇ, ਮੇਰੇ ਕਰਮਾਂ ਵਿਚ ਭੋਜਨ ਹੈ ਨਹੀਂ ਸੀ, ਸਰਾਪ ਨਹੀਂ ਦਿੱਤਾ ਸੰਤੋਖ ਰੱਖਿਆ ਉਧਰ ਭਗਵਾਨ ਨੇ ਆਪਣੇ ਦੋ ਦੂਤਾਂ ਨੂੰ ਹੁਕਮ ਕੀਤਾ ਫਲਾਣੇ ਪਿੰਡ ਵਿਚ ਕੁਟੀਆ ’ਤੇ ਸਾਧੂ ਰਹਿੰਦਾ ਹੈ, ਉਸਨੂੰ ਕਿਸੇ ਨੇ ਭੋਜਨ ਨਹੀਂ ਦਿੱਤਾ। ਆਪ ਦੋ ਵੇਲੇ ਰੱਜ ਰੱਜ ਕੇ ਖਾਹ ਕੇ ਸਉਂਗਏ। ਜਾਓ ਪਿੰਡ ਨੂੰ ਸਾੜ੍ਹ ਦਿਓ ਮੇਰੇ ਸਾਧ ਦਾ ਅਪਮਾਨ ਕੀਤਾ, ਪਰ ਪਹਿਲਾਂ ਸਾਧ ਨੂੰ ਪੁਛਣਾ ਕਿ ਸਾਨੂੰ ਭਗਵਾਨ ਨੇ ਭੇਜਿਆ ਹੈ, ਅਸੀਂ ਪਿੰਡ ਸਾੜਨਾ ਹੈ, ਪਰ ਆਪ ਸਾਨੂੰ ਹੁਕਮ ਕਰੋ। ਸਾਧੂ ਕਹਿਣ ਲੱਗਾ ਪਿੰਡ ਕਿਉਂ ਸਾੜਨਾ ਭੋਜਨ ਮੇਰੇ ਕਰਮਾਂ ਵਿਚ ਨਹੀਂ ਸੀ। ਭਗਵਾਨ ਜੋ ਪਿੰਡ ਸਾੜਦਾ ਹੈ ਉਨ੍ਹਾਂ ਦੇ ਮਨਾਂ ਵਿਚ ਵਸਕੇ ਮੈਨੂੰ ਪ੍ਰਸਾਦਿ ਦਵਾ ਦਿੰਦਾ।

ਅਕਾਲ ਪੁਰਖ ਨੇ ਸਾਧੂ ਦੇ ਸਬਰ ਸ਼ੁਕਰ ’ਤੇ ਖੁਸ਼ ਹੋ ਕੇ ਬੇਬਾਣ ਭੇਜ ਕੇ ਸੱਚ ਖੰਡ ਵਿਚ ਸਾਧੂ ਨੂੰ ਬੁਲਾ ਲਿਆ, ਚਰਾਸੀ ਦੇ ਬੰਧਨ ਕੱਟ ਦਿੱਤੇ। ਨੰਦ ਸਿੰਘ ਨੂੰ ਕਿਹਾ ਜੇ ਸਾਧੂ ਬਣਨਾ ਹੈ ਤਾਂ ਇਹੋ ਜਿਹਾ ਬਣੀ।

ਕਾਨੜਾ ਮਹਲਾ ੪॥

ਉਧਾਨਕਾ: ਸ੍ਰੀ ਗੁਰੂ ਰਾਮ ਦਾਸ ਜੀ ਭਗਤੀ ਕਰਨ ਵਾਲਿਆਂ ਦੀ ਸਿਫਤ ਸਲਾਹ ਲਿਖਦੇ ਹਨ: ਕੇ ਨਾਮੁ ਦੇ ਰਸੀਏ ਭਗਤਾਂ ਅੱਗੇ ਸਦਾ ਨਿਉਂ ਕੇ ਰਹੋ ਨਿਉਂ ਕੇ ਚਲਣ ਵਾਲੇ ਅਨੇਕ ਫਲਾਂ ਦੀ ਪਰਾਪਤੀ ਕਰਨਗੇ। ਕਿਸੇ ਸਾਧੂ, ਸੰਤ, ਭਗਤ ਦੀ ਕਦੇ ਭੁੱਲ ਕੇ ਵੀ ਨਿੰਦਿਆ ਨਾ ਕਰੋ ਅਤੇ ਨਾ ਹੀ ਕਿਸੇ ਭਗਤ ਦੀ ਨੀਵੀਂ ਜਾਤੀ ’ਤੇ ਕੋਈ ਤਰਕ ਕਰੋ।

ਭਗਤ ਜਨਾ ਕਉ ਸਦਾ ਨਿਵਿ ਰਹੀਐਜਨ ਨਿਵਹਿ ਤਾ ਫਲਗੁਨ ਪਾਵੈਗੋ॥

ਜੋ ਨਿੰਦਾ ਦੁਸਟ ਕਰਹਿ ਭਗਤਾ ਕੀ ਹਰਨਾਖਸ਼ ਜਿਉਂ ਪਜਿ ਜਾਵੈਗੋ॥

ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ॥

ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ॥੬॥

(ਪੰਨਾ ੧੩੦੯)

੧. ਅਰਥ: ਭਗਤ ਜਨਾਂ ਅੱਗੇ ਹਮੇਸ਼ਾ ਨਿਉਕੇ ਰਹਿਣਾ ਚਾਹੀਦਾ ਹੈ, ਭਗਤ ਜਨਾਂ ਅੱਗੇ ਨਿਵਹਿਗਾਤਾ ਸ਼ੁਭ ਗੁਣਾਂ ਦੀ ਪ੍ਰਾਪਤੀ ਹੋਵੇਗੀ।

੨. ਜੇਹੜਾ ਦੁਸ਼ਟ ਪੁਰਸ਼, ਭਗਤਾਂ ਦੀ ਨਿੰਦਿਆ ਕਰੇਗਾ, ਉਹ ਹਰਨਾਖਸ਼ ਦੀ ਤਰ੍ਹਾਂ ਪਚ ਜਾਵੇਗਾ ਭਾਗ ਨਾਸ ਹੋ ਜਾਵੇਗਾ ਸੜ ਬਲ ਜਾਵੇਗਾ।

੩. ਬ੍ਰਹਮਾ ਜੀ ਕਮਲ ਤੋਂ ਭਾਵ ਕੌਲ ਦੇ ਪੁੱਤਰ ਹੋਏ ਹਨ, ਇਸ ਤਰ੍ਹਾਂ ਬਿਆਸ ਜੀ ਮਛੋਦਰੀ ਦੇ ਪੇਟੋ ਪੈਦਾ ਹੋਇ ਹਨ, ਪਰ ਤੱਪ ਦੇ ਤਾਪਨ ਕਰਕੇ ਪ੍ਰਭੂ ਵਿਚ ਲੀਣ ਹੋਏ ਅਤੇ ਲੋਕਾਂ ਨੇ ਉਨ੍ਹਾਂ ਦੀ ਪੂਜਾ ਕੀਤੀ ਭਾਵ ਭਗਤੀ ਕਰਕੇ ਆਪਣੀ ਪੂਜਾ ਕਰਾਂਦੇ ਰਹੇ ਸਨ। ਇਸ ਕਰਕੇ ਹੇ ਲੋਗੋ ਤੁਸੀਂ ਭੀ ਪ੍ਰਮਾਤਮਾ ਦੀ ਭਗਤੀ ਕਰੋ ਤਾਂ ਤੁਸੀਂ ਵੀ ਆਪਣੀ ਪੂਜਾ ਕਰਵਾਉਂਗੇ। ਜਿਸ ਜਿਸ ਜਾਤੀ ਵਿਚ ਕੋਈ ਵੀ ਭਗਤ ਹੋਵੇ ਉਸ ਨੂੰ ਪੂਜਣਾ ਕਰੋ, ਤੁਹਾਡੇ ਭਰਮ ਨੂੰ ਪੂਰਨ ਭਗਤ, ਸਾਧ, ਸੰਤ, ਦੂਰ ਕਰ ਦੇਵੇਗਾ ਨਿਰਭਰਮ ਹੋ ਜਾਵੋਗੇ, ਜਾਤ-ਪਾਤ ਦਾ ਭਰਮ ਨਾ ਕਰੋ। ਪੂਰਨ ਪੁਰਖ ਦੀ ਸੰਗਤ ਤੋਂ ਬਿਨਾ ਭਰਮ ਨਹੀਂ ਜਾਏਗਾ।

(ਅੱਗੇ ਹੋਰ ਪਰਮਾਣ ਦੇਂਦੇ ਹਨ ਸਤਿਗੁਰੂ ਜੀ)

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ॥

ਜੂਠਨ ਜੂਝਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁਨ ਡੁਲਾਂਵੈਗੋ॥੭॥

ਅਰਥ: ਆਪਣੀ ਉੱਚੀ ਜਾਤ ਅਤੇ ਦੂਸਰੇ ਦੀ ਨੀਚ ਜਾਤ ਕਰਕੇ ਮਤ ਭਰਮਹੁ-ਭੁਲੇਖੇ ਵਿਚ ਨਾ ਪਓ, ਸੁਕਦੇਵ ਮੁਨੀ ਜੀ ਬ੍ਰਾਹਮਣ ਜਾਤੀ ਦੇ ਸਨ, ਰਾਜਾ ਜਨਕ ਜੀ ਛਤ੍ਰੀ ਸਨ, ਪਰ ਸੁਕਦੇਵ ਜੀ ਰਾਜੇ ਜਨਕ ਦੇ ਚਰਨੀ ਲੱਗ ਕੇ ਭਾਵ ਰਾਜੇ ਜਨਕ ਤੋਂ ਬਾਰਾਂ ਸਾਲ ਰਾਜੇ ਜਨਕ ਦੇ ਮਹਿਲਾਂ ਦੇ ਪਿਛਵਾੜੇ ਖੜ੍ਹ ਕੇ ਜੂਠੀਆਂ ਪਤਲਾਂ ਸਿਰ ’ਤੇ ਗਿਰੀਆਂ ਸਾਧੂਆਂ ਸੰਤਾਂ ਦੇ ਭੰਡਾਰੇ ਦੀਆਂ, ਬਾਰਾਂ ਸਾਲਾਂ ਬਾਅਦ ਰਾਜੇ ਜਨਕ ਨੇ ਕਸਵੱਟੀ ’ਤੇ ਪੂਰਾ ਉਤਰਿਆ ਦੇਖ ਕੇ ਨਾਮੁ-ਉਪਦੇਸ਼, ਗੁਰਮੰਤ੍ਰ ਦਿੱਤਾ ਸੀ। ਸੁਖਦੇਵ ਜੀ ਰਾਜੇ ਜਨਕ ਦੁਆਰਾ ਪ੍ਰਮਾਤਮਾ ਦੇ ਗੁਣਾਂ ਨੂੰ ਧਿਆਉਂਦੇ ਹਨ।

੨. ਜੂਠਨ= ਰਸੋਈ ਦੀਆਂ ਜੂਠੀਆਂ ਪੱਤਲਾਂ ਸੁਕਦੇਵ ਦੇ ਸਿਰ ਉਤੇ ਪਈਆਂ ਸਨ, ਪਰ ਸੁਕਦੇਵ ਨੇ ਇਕ ਖਿਨ ਭਾਵ ਤਿਲ ਮਾਤ੍ਰ ਵੀ ਆਪਣੇ ਮਨ ਨੂੰ ਨਹੀਂ ਡੁਲਾਇਆ॥੧॥ ਅੱਜ ਦਾ ਬੰਦਾ ਕਹਿੰਦਾ ਹੈ ਅਸੀਂ ਨਹੀਂ ਸਿਰ ਨੀਵਾਂ ਕਰਨਾ ਕਿਸੇ ਅੱਗੇ।

ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ॥

ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਨਿ ਦਾਸ ਕਰਾਵੈਗੋ॥੮॥

(ਪੰਨਾ ੧੩੦੯)

ਅਰਥ: ਜਨਕ ਰਾਜਾ ਜਿਸ ਸਮੇਂ ਸਿੰਘਾਸਨ ਪਰ ਬੈਠਾ ਤਾਂ ਰਾਜ ਭਾਗ ਦਾ ਹੰਕਾਰ ਨਹੀਂ ਕੀਤਾ ਨੌਂ ਮੁਨੀਆਂ ਦੀ ਚਰਨ ਧੂੜੀ ਲੈ ਕੇ ਮਸਤਕ ’ਤੇ ਲਾਉਣੀ ਕੀਤੀ।

ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ॥

(ਪੰਨਾ ੧੩੫)

੨. ਗੁਰੂ ਜੀ ਕਥਨ ਕਰਦੇ ਹਨ: ਹੇ ਕ੍ਰਿਪਾ ਨਿਧਾਨ ਮੇਰੇ ’ਤੇ ਕ੍ਰਿਪਾ ਦ੍ਰਿਸ਼ਟੀ ਕਰੋ ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈਣਾ ਕਰੋ ਜੀ॥੮॥੨॥

ਉਥਾਨਕਾ: ਇਕ ਬ੍ਰਾਹਮਣ ਨੇ ਗੁਰੂ ਅਮਰ ਦਾਸ ਜੀ ਪਾਸ ਕਿਹਾ ਕਿ ਬ੍ਰਾਹਮਣ ਸਭ ਤੋਂ ਵੱਡੀ ਜਾਤੀ ਦੇ ਹਨ, ਸਭ ਤੋਂ ਪਹਿਲਾਂ ਬ੍ਰਾਹਮਣਾਂ ਦੀ ਪੂਜਾ ਹੋਣੀ ਚਾਹੀਦੀ ਹੈ, ਬ੍ਰਾਹਮਣ ਤੋ ਇਹ ਗੱਲ ਸੁਣਕੇ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਮੁੱਖ ਤੋਂ ਸ਼ਬਦ ਉਚਾਰਨ ਕੀਤਾ ਬ੍ਰਾਹਮਣ ਦਾ ਹੰਕਾਰ ਦੂਰ ਕੀਤਾ।

ਪੰਨਾ ੧੧੨੭ = ਭੈਰਉ ਮਹਲਾ ੩॥
ਜਾਤਿ ਕਾ ਗਰਬੁ ਨ ਕਰੀਅਹੁ ਕੋਈ॥

ਬ੍ਰਹਮੁ ਬਿੰਦੇ ਸੋ ਬ੍ਰਹਮਣੁ ਹੋਈ॥ ਜਾਤਿਕਾ ਗਰਬੁ ਨ ਕਰਿ ਮੂਰਖ ਗਵਾਰਾ॥

ਇਸੁ ਗਰਬ ਤੇ ਚਲੇਹਿ ਬਹੁਤੁ ਵਿਕਾਰਾ॥੧॥ ਰਹਾਉ॥

ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦੁ ਤੇ ਸਭੁ ਓਪਤਿ ਹੋਈ॥੨॥

ਭਾਵ: ਖਤਰੀ, ਬ੍ਰਾਹਮਣ, ਵੈਸ਼ ਤੇ ਸੂਦ ਸਭ ਬ੍ਰਹਮੇ ਪੰਡਿਤ ਦੇ ਬੀਰਜ ਤੋਂ ਸਭਦੀ ਉਤਪੱਤੀ ਹੋਈ ਹੈ। ਵਾ. ਬਿੰਦ ਜਨਣਾ ਕਰਕੇ ਸਭ ਦੀ ਉਤਪਤੀ ਬ੍ਰਹਮਾਂ ਤੋਂ ਹੋਈ ਹੈ। ਵੱਡਾ ਜਾਂ ਛੋਟਾਂ ਕੋਈ ਨਹੀਂ।

# ਫ਼ਰਿਸ਼ਤਿਆਂ ਦੀ ਆਮਦ


-ਡਾ. ਗੁਰਤੇਜ ਸਿੰਘ

ਉਦੋਂ ਮੈਂ ਅੱਠਵੀ ਵਿੱਚ ਪੜ੍ਹਦਾ ਸੀ। ਪਿੰਡ ਦੇ ਇੱਕ ਅਣ-ਅਧਿਕਾਰਤ ਡਾਕਟਰ ਨੇ ਮੇਰੀ ਦਾਦੀ ਨਾਲ ਦੁਰਵਿਹਾਰ ਕੀਤਾ ਤਾਂ ਮਨੋ-ਮਨੀ ਦ੍ਰਿੜ੍ਹ ਨਿਸਚਾ ਕਰ ਲਿਆ ਕਿ ਡਾਕਟਰ ਹੀ ਬਣਨਾ ਹੈ, ਪਰ ਕਿਵੇਂ ਬਣਨਾ ਹੈ, ਕੀ ਪੜ੍ਹਾਈ ਕਰਨੀ ਹੈ, ਆਦਿ ਤੋਂ ਅਣਜਾਣ ਸੀ। ਮੇਰੇ ਸਹਿਪਾਠੀ ਜੇ ਈ ਟੀ ਦੀ ਤਿਆਰੀ ਕਰਨ ਲੱਗੇ ਸਨ ਅਤੇ ਮੇਰੇ ਸਾਇੰਸ ਅਧਿਆਪਕ ਨੇ ਮੈਨੂੰ ਵੀ ਫਾਰਮ ਭਰਨ ਲਈ ਕਿਹਾ ਸੀ। ਮੈਂ ਡਾਕਟਰ ਬਣਨ ਦੀ ਗੱਲ ਦੱਸਦਿਆਂ ਮਨਾ ਕਰ ਦਿੱਤਾ ਸੀ, ਉਨ੍ਹਾਂ ਦਾ ਜਵਾਬ ਕਮਾਲ ਸੀ, ‘ਜੇ ਤੇਰੇ ਕੋਲ ਆਹ ਛੋਟਾ ਜਿਹਾ ਕੋਰਸ ਕਰਨ ਦੀ ਸਮਰੱਥਾ ਨਹੀਂ ਤਾਂ ਫਿਰ ਉਸ ਪਹਾੜ ਨਾਲ ਮੱਥਾ ਕਿਵੇਂ ਲਾਵੇਂਗਾ?" ਉਨ੍ਹਾਂ ਦੀ ਗੱਲ ਠੀਕ ਸੀ। ਮੈਡੀਕਲ ਦੀ ਮਹਿੰਗੀ ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੈ। ਫਿਰ ਪੜ੍ਹਾਈ ਛੱਡ ਕੇ ਰੋਜ਼ੀ ਦੇ ਜੁਗਾੜ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਉਂਜ ਡਾਕਟਰ ਬਣਨ ਦਾ ਜਨੂਨ ਚੈਨ ਨਾਲ ਬੈਠਣ ਨਹੀਂ ਸੀ ਦੇ ਰਿਹਾ। ਆਰਟਸ ਗਰੁੱਪ ਨਾਲ ਬਾਰ੍ਹਵੀਂ ਕੀਤੀ, ਨਾਲ ਕਿਸੇ ਡਾਕਟਰ ਕੋਲ ਕੰਮ ਸਿੱਖਣ ਜਾਂਦਾ ਸੀ ਕਿ ਚਲੋ ਅਧਿਕਾਰਿਤ ਨਾ ਸਹੀ, ਅਣਅਧਿਕਾਰਿਤ ਡਾਕਟਰ ਤਾਂ ਬਣ ਹੀ ਸਕਦਾ ਹਾਂ! ਉਸ ਤੋਂ ਬਾਅਦ ਨੇੜੇ ਮੌਜੂਦ ਪ੍ਰਾਈਵੇਟ ਕਾਲਜ ਤੇ ਹਸਪਤਾਲ ਵਿੱਚ ਗੈਸਟਰੋਐਂਟਰਾਲੋਜੀ ਵਿਭਾਗ ਵਿੱਚ ਵਾਰਡ ਬੁਆਏ ਦੀ ਨੌਕਰੀ ਸ਼ੁਰੂ ਕੀਤੀ। ਕਾਲਜ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਦੇਖਦਾ ਤਾਂ ਸੋਚਦਾ-ਕਾਸ਼! ਮੈਂ ਵੀ ਕਿਸੇ ਮੈਡੀਕਲ ਕਾਲਜ ਵਿੱਚ ਡਾਕਟਰੀ ਪੜ੍ਹ ਸਕਦਾ! ਆਰਥਿਕ ਮੰਦਹਾਲੀ ਕਾਰਨ ਘਰ ਦੀ ਹਾਲਤ ਡਾਵਾਂਡੋਲ ਹੋ ਸੀ, ਦੂਜਾ, ਦਾਦੀ ਬਿਮਾਰ ਰਹਿਣ ਲੱਗ ਪਏ ਅਤੇ ਆਖ਼ਿਰ ਇੱਕ ਦਿਨ ਦਮ ਤੋੜ ਗਏ।

ਦਾਦੀ ਮਾਂ ਦੀ ਮੌਤ ਤੋਂ ਬਾਅਦ ਟੁੱਟ ਗਿਆ, ਪਰ ਡਾਕਟਰ ਬਣਨ ਦਾ ਜਨੂਨ ਅਜੇ ਵੀ ਠਾਠਾਂ ਮਾਰ ਰਿਹਾ ਸੀ ਜਿਸ ਨੇ ਨੌਕਰੀ ਦੇ ਨਾਲ-ਨਾਲ ਦੁਬਾਰਾ ਪੜ੍ਹਾਈ ਸ਼ੁਰੂ ਕਰਨ ਲਈ ਮਜਬੂਰ ਕੀਤਾ। ਐਮਰਜੈਂਸੀ ਮੈਡੀਕਲ ਅਫਸਰ ਦੇ ਪਦ ਤੇ ਤਾਇਨਾਤ ਡਾਕਟਰ ਸਭ ਤੋਂ ਪਹਿਲਾਂ ਫ਼ਰਿਸ਼ਤਾ ਬਣ ਕੇ ਬਹੁੜੇ! ਆਰਥਿਕ ਮਦਦ ਦੇ ਨਾਲ-ਨਾਲ ਉਹ ਮੇਰੇ ਨਾਲ ਕੋਚਿੰਗ ਕਲਾਸ ਦਾ ਪ੍ਰਬੰਧ ਕਰਨ ਤੱਕ ਗਏ, ਪਰ ਮੁਸ਼ਕਿਲਾਂ ਦਾ ਦੌਰ ਅਜੇ ਖਤਮ ਨਹੀਂ ਹੋਇਆ ਸੀ। ਘਰ ਦੀ ਹਾਲਤ, ਨੌਕਰੀ ਨਾਲ ਦੁਬਾਰਾ ਬਾਰ੍ਹਵੀਂ (ਮੈਡੀਕਲ) ਦੀ ਪੜ੍ਹਾਈ ਵੱਡੀ ਵੰਗਾਰ ਸੀ। ਲੋਕਾਂ ਦੇ ਮਜ਼ਾਕ ਵੱਖਰੇ ਸਹਿਣੇ ਪੈਂਦੇ। ਡਾਕਟਰ ਨਾਲ ਦੋਸਤੀ ਹੋ ਗਈ, ਪਰ ਮੇਰੀ ਪੋਸਟ ਵਾਰਡ ਬੁਆਏ ਹੋਣ ਕਾਰਨ ਉਥੇ ਮੌਜੂਦ ਸਟਾਫ਼ ਨਰਸਾਂ ਮੈਨੂੰ ‘ਸੀਨੀਅਰ ਰੈਜ਼ੀਡੈਂਟ' ਆਖ ਕੇ ਮਜ਼ਾਕ ਉਡਾਉਂਦੀਆਂ। ਫਿਰ ਕੋਚਿੰਗ ਵੇਲੇ ਦੋ ਅਧਿਆਪਕ ਫਿਰ ਫ਼ਰਿਸ਼ਤੇ ਬਣ ਆਏ, ਉਨ੍ਹਾਂ ਮੁਫ਼ਤ ਪੜ੍ਹਾਇਆ। ਉਹ ਫਿਜਿਕਸ ਅਤੇ ਕੈਮਿਸਟਰੀ ਪੜ੍ਹਾਉਂਦੇ, ਬਾਇਓਲੌਜੀ ਮੈਂ ਖੁਦ ਪੜ੍ਹੀ। ਉਹ ਦੌਰ ਬੜਾ ਮੁਸ਼ਕਿਲ ਸੀ, ਸਾਰਾ ਦਿਨ ਨੌਕਰੀ ਤੇ ਫਿਰ ਪੜ੍ਹਾਈ। ਬੜੀ ਮੁਸ਼ਕਿਲ ਨਾਲ ਪ੍ਰਵੇਸ਼ ਪ੍ਰੀਖਿਆ ਦੀ ਤਿਆਰੀ ਕੀਤੀ। ਗਰੀਬੀ, ਮਜਬੂਰੀਆਂ ਆਪਣਾ ਰੰਗ ਦਿਖਾ ਰਹੀਆਂ ਸਨ। ਇਹ ਨਿੱਤ ਦਿਨ ਤੋੜਦੀਆਂ-ਭੰਨਦੀਆਂ, ਪਰ ਸਕਾਰ-ਾਤਮਿਕ ਸਾਹਿਤ ਪੜ੍ਹਨ ਅਤੇ ਅਖ਼ਬਾਰਾਂ ਲਈ ਲਿਖਣ ਕਾਰਨ ਨਿਰਾਸ਼ਾ ਨੂੰ ਛੇਤੀ ਕੀਤੇ ਨੇੜੇ ਨਹੀਂ ਢੁੱਕਣ ਦਿੱਤਾ।


ਖੈਰ! 2012 ਵਿੱਚ ਪੰਜਾਬ ਮੈਡੀਕਲ ਪ੍ਰਵੇਸ਼ ਪ੍ਰੀਖਿਆ ਫ਼ਰੀਦਕੋਟ ਹੋਈ, ਮੈਂ ਦੁਬਾਰਾ ਬਾਰ੍ਹਵੀਂ (ਮੈਡੀਕਲ) ਕਰਕੇ ਦੂਜੀ ਵਾਰ ਪ੍ਰੀਖਿਆ ਦਿੱਤੀ ਸੀ। ਉਸ ਦਿਨ ਵੀ ਫ਼ਰਿਸ਼ਤਾ ਮਦਦ ਲਈ ਅਚਨਚੇਤ ਬਹੁੜਿਆ। ਹੋਇਆ ਇੰਜ ਕਿ ਕਿਸੇ ਕਾਰਨ ਸੜਕ ਜਾਮ ਸੀ। ਪ੍ਰੀਖਿਆ ਕੇਂਦਰ ਪੁੱਜਣਾ ਮੁਸ਼ਕਿਲ ਜਾਪ ਰਿਹਾ ਸੀ। ਬੱਸ ਵਿੱਚੋਂ ਉਤਰ ਕੇ ਇੱਕ ਸਕੂਟਰ ਸਵਾਰ ਦੀ ਮਿੰਨਤ ਕੀਤੀ ਤੇ ਉਹ ਝੱਟ ਮੈਨੂੰ ਉਥੇ ਛੱਡਣ ਲਈ ਰਾਜ਼ੀ ਹੋ ਗਿਆ। ਰਸਤੇ 'ਚ ਉਹ ਆਖ ਰਿਹਾ ਸੀ ਕਿ ਭਲਾਈ ਦਾ ਤਾਂ ਅੱਜਕੱਲ੍ਹ ਜ਼ਮਾਨਾ ਨਹੀਂ ਰਿਹਾ, ਲੋਕ ਗ਼ਲਤ ਲਾਭ ਉਠਾ ਲੈਂਦੇ ਹਨ। ਫਿਰ ਵੀ ਉਹ ਮੈਨੂੰ ਮੇਰੀ ਮੰਜ਼ਿਲ 'ਤੇ ਪਹੁੰਚਾਉਣ ਲਈ ਬਜ਼ਿੱਦ ਸੀ। ਵੇਲੇ ਸਿਰ ਪਸੀਨੋ-ਪਸੀਨੀ ਹੋਇਆ ਪ੍ਰੀਖਿਆ ਕੇਂਦਰ ਅੰਦਰ ਦਾਖ਼ਲ ਹੋਇਆ ਤੇ ਇਮਤਿਹਾਨ ਦਿੱਤਾ। ਅਗਲੇ ਦਿਨ ਡਿਊਟੀ ਉਤੇ ਸੀ ਤਾਂ ਕਿਸੇ ਡਾਕਟਰ ਦੀ ਮਿੰਨਤ ਕਰਕੇ ਨਤੀਜਾ ਦੇਖਣ ਲਈ ਕਿਹਾ। ਨਤੀਜਾ ਦੇਖਿਆ ਤਾਂ ਖ਼ੁਦ ਨੂੰ ਯਕੀਨ ਨਾ ਆਵੇ। ਮੈਂ ਪ੍ਰੀਖਿਆ ਪਾਸ ਕਰ ਲਈ ਸੀ ਅਤੇ ਕਿਸੇ ਮੈਡੀਕਲ ਕਾਲਜ ਵਿੱਚ ਐਮ ਬੀ ਬੀ ਐਸ ਕੋਰਸ ਵਿੱਚ ਦਾਖ਼ਲ ਅਰਾਮ ਨਾਲ ਮਿਲ ਜਾਣਾ ਸੀ। ਇਹ ਖ਼ਬਰ ਹਸਪਤਾਲ ਵਿੱਚ ਫੈਲ ਗਈ। ਸਾਰੇ ਡਾਕਟਰਾਂ ਨੇ ਵਧਾਈਆਂ ਦਿੱਤੀਆਂ। ਮੈਡੀਕਲ ਵਿਭਾਗ ਦੇ ਮੁਖੀ ਨੇ ਉਚੇਚਾ ਬੁਲਾ ਕੇ ਸ਼ਾਬਾਸ਼ ਦਿੱਤੀ। ਫਰਿਸ਼ਤਾ ਬਣ ਕੇ ਸਭ ਤੋਂ ਪਹਿਲਾਂ ਬਹੁੜੇ ਡਾਕਟਰ ਨੂੰ ਦੱਸਿਆ ਤਾਂ ਉਹ ਜੋਸ਼ ਨਾਲ ਭਰ ਗਏ, “ਵਾਹ ਸ਼ੇਰਾ! ਤੂੰ ਇਤਿਹਾਸ ਰਚ ਦਿੱਤਾ!"

ਮੇਰੀ ਮਿਹਨਤ 'ਤੇ ਗਰੀਬੀ ਫਿਰ ਭਾਰੀ ਪੈ ਗਈ ਤੇ ਪ੍ਰਾਈਵੇਟ ਕਾਲਜ ਵਿੱਚ ਮਿਲੀ ਐਮ ਬੀ ਬੀ ਐਸ ਦੀ ਸੀਟ ਮਜਬੂਰੀ ਵਸ ਛੱਡਣੀ ਪਈ। ਮਦਦ ਲਈ ਕਈਆਂ ਕੋਲ ਪਹੁੰਚ ਕੀਤੀ, ਬੈਂਕ ਤੋਂ ਐਜੂਕੇਸ਼ਨ ਲੋਨ ਲਈ ਦੁਹਾਈ ਪਾਈ ਪਰ ਖੇਤ ਮਜ਼ਦੂਰ ਦਾ ਬੱਚਾ ਹੋਣ ਕਾਰਨ ਗੱਲ ਸਿਰੇ ਨਾ ਲੱਗੀ, ਮੰਜ਼ਿਲ ਨੇੜੇ ਪੁੱਜ ਕੇ ਪੈਰ ਫਿਰ ਪਿਛਾਂਹ ਆ ਗਏ। ਅੰਦਰ ਹੀ ਅੰਦਰ ਬੜਾ ਕੁਝ ਤਿੜਕਿਆ। ਇਥੇ ਵੀ ਸਾਹਿਤ ਨੇ ਮੇਰੀ ਬਾਂਹ ਫੜੀ। 2013 'ਚ ਮਿਲੀ ਬੀ ਡੀ ਐਸ ਸੀਟ ਮੈਂ ਆਪੇ ਛੱਡ ਦਿੱਤੀ ਸੀ, ਅੱਗੋਂ ਬੀ ਏ ਐਮ ਐਸ ਕੋਰਸ ਕਰਨ ਦਾ ਮਨ ਬਣਾਇਆ। ਇਸ ਕੋਰਸ ਦੀ ਫੀਸ ਐਮ ਬੀ ਬੀ ਐਸ ਦੇ ਮੁਕਾਬਲੇ ਕਾਫੀ ਘੱਟ ਸੀ। ਇਥੇ ਵੀ ਬਹੁਤੇ ਲੋਕਾਂ ਨੇ ਆਪਣੀ ਨੇਕ ਕਮਾਈ ਨਾਲ ਮੇਰੀ ਫੀਸ ਭਰੀ ਅਤੇ ਡਿਗਰੀ ਦੇ ਨਾਲ ਕੰਮ ਕਰਨ ਦੀ ਆਦਤ ਨੇ ਸਿਰੜ ਕਾਇਮ ਰੱਖਿਆ। ਇਸ ਰਾਜ ਪੱਧਰੀ ਪ੍ਰਵੇਸ਼ ਪ੍ਰੀਖਿਆ 'ਚ ਮੇਰਾ 99ਵੇਂ ਰੈਂਕ ਆਇਆ ਤੇ ਇੱਕ ਨਾਮਵਰ ਪ੍ਰਾਈਵੇਟ ਮੈਡੀਕਲ ਕਾਲਜ ਤੋਂ ਬੀ ਏ ਐਮ ਐਸ ਦੀ ਡਿਗਰੀ ਪੂਰੀ ਕਰਕੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਰੈਜ਼ੀਡੈਂਟ ਮੈਡੀਕਲ ਅਫਸਰ ਲੱਗਾ ਹਾਂ। ਵਾਰਡ ਬੁਆਏ ਤੋਂ ਡਾਕਟਰ ਬਣਨ ਦੇ ਇਸ ਸਫ਼ਰ ਦੌਰਾਨ ਮਦਦ ਲਈ ਬਹੁੜੇ ਲੋਕਾਂ ਨੇ ਸਦਾ ਫ਼ਰਿਸ਼ਤਿਆਂ ਦੀ ਆਮਦ ਦਾ ਅਹਿਸਾਸ ਦਿਵਾਇਆ ਹੈ।






# ਦਿੱਲੀ ਦਾ ਨਤੀਜਾ ਦੱਸਦੈ ਕਿ ਭਾਜਪਾ ਦੇ ਆਪਣੇ ਮੈਂਬਰ ਵੀ ਘੁਟਨ ਮਹਿਸੂਸ ਕਰਨ ਲੱਗੇ ਨੇ



ਜਤਿੰਦਰ ਪੰਨੂ

ਬਿਨਾਂ ਸ਼ੱਕ ਇਹ ਗੱਲ ਇਸ ਦੇਸ਼ ਦੇ ਲੋਕਾਂ ਦੀ ਵੱਡੀ ਗਿਣਤੀ ਦੇ ਮਨਾਂ ਵਿੱਚ ਸੀ ਕਿ ਦਿੱਲੀ ਵਿੱਚ ਭਾਜਪਾ ਦੇ ਪੈਰ ਨਹੀਂ ਲੱਗ ਸਕੇ, ਇਸ ਦੇ ਬਾਵਜੂਦ ਇੱਕ ਖਦਸ਼ਾ ਕਾਇਮ ਸੀ ਕਿ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੀ ਜੋੜੀ ਅੰਤ ਵਿੱਚ ਕੁਝ ਨਾ ਕੁਝ ਰਾਜਨੀਤਕ ਕਲਾਕਾਰੀ ਦਿਖਾ ਸਕਦੀ ਹੈ। ਬਹੁਤਾ ਸ਼ੱਕ ਵੋਟਿੰਗ ਮਸ਼ੀਨਾਂ ਬਾਰੇ ਸੀ। ਜਦੋਂ ਸਾਰੇ ਮੀਡੀਆ ਦੇ ਐਗਜ਼ਿਟ ਪੋਲ ਭਾਜਪਾ ਦੀ ਬਹੁਤ ਬੁਰੀ ਹਾਰ ਅਤੇ ਆਮ ਆਦਮੀ ਪਾਰਟੀ ਦੀ ਬਹੁਤ ਵੱਡੀ ਜਿੱਤ ਦੱਸਦੇ ਸਨ ਤੇ ਭਾਜਪਾ ਨਾਲ ਨੇੜਤਾ ਦੇ ਦੋਸ਼ ਲਵਾ ਚੁੱਕਾ ਇੱਕ ਚੈਨਲ ਇਹ ਕਹਿੰਦਾ ਸੀ ਕਿ ਕੇਜਰੀਵਾਲ ਟੀਮ ਅਠਾਹਠ ਸੀਟਾਂ ਵੀ ਜਿੱਤ ਜਾਵੇ ਤਾਂ ਹੈਰਾਨ ਨਹੀਂ ਹੋਣਾ ਚਾਹੀਦਾ, ਓਦੋਂ ਵੀ ਇਹ ਸ਼ੱਕ ਕਾਇਮ ਰਿਹਾ ਸੀ। ਸਗੋਂ ਇਹ ਕਹਿਣਾ ਵੱਧ ਠੀਕ ਹੋਵੇਗਾ ਕਿ ਉਸ ਵਕਤ ਦਿੱਲੀ ਦੀ ਭਾਜਪਾ ਦੇ ਪ੍ਰਧਾਨ ਨੇ ਇੱਕ ਬਿਆਨ ਦੇ ਕੇ ਇਹ ਸ਼ੱਕ ਵਧਾ ਦਿੱਤਾ ਸੀ ਕਿ ਆਖਰੀ ਗਿਣਤੀ ਵਿੱਚ ਸਾਡੀ ਪਾਰਟੀ ਦੀਆਂ ਅਠਤਾਲੀ ਸੀਟਾਂ ਆਉਣਗੀਆਂ। ਹਰ ਕੋਈ ਹੈਰਾਨ ਸੀ ਕਿ ਇਸ ਤਰ੍ਹਾਂ ਕਿਉਂ ਕਹਿ ਰਿਹਾ ਹੈ ਤੇ ਏਸੇ ਵਿੱਚੋਂ ਇਹ ਸ਼ੱਕ ਉਪਜਦਾ ਸੀ ਕਿ ਕੁਝ ਨਾ ਕੁਝ ਕਾਰਸਤਾਨੀ ਕੀਤੀ ਜਾ ਚੁੱਕੀ ਜਾਪਦੀ ਹੈ। ਏਦਾਂ ਦਾ ਕੁਝ ਵੀ ਨਹੀਂ ਹੋਇਆ ਤੇ ਨਤੀਜਿਆਂ ਨੇ ਭਾਜਪਾ ਨੂੰ ਭੁਆਂਟਣੀ ਦੇ ਕੇ ਆਮ ਆਦਮੀ ਪਾਰਟੀ ਦੀ ਗੁੱਡੀ ਅਸਮਾਨ ਚਾੜ੍ਹ ਦਿੱਤੀ ਹੈ।

ਚੰਗਾ ਹੋਇਆ ਕਿ ਕੋਈ ਗਲਤ ਨਹੀਂ ਹੋਇਆ, ਪਰ ਇਸ ਦਾ ਇਹ ਮਤਲਬ ਨਹੀਂ ਕਿ ਹੋ ਨਹੀਂ ਸਕਦਾ। ਅਗਲੀ ਵਾਰ ਕਿਸੇ ਥਾਂ ਵਾਪਰ ਵੀ ਸਕਦਾ ਹੈ, ਇਹ ਗੱਲ ਅਜੇ ਤੱਕ ਲੋਕ ਕਹੀ ਜਾਂਦੇ ਹਨ। ਅਸੀਂ ਉਨ੍ਹਾਂ ਦੇ ਨਾਲ ਸਹਿਮਤ ਹੋਈਏ ਜਾਂ ਨਾ, ਪਰ ਉਨ੍ਹਾਂ ਦੇ ਏਦਾਂ ਦੀ ਗੱਲ ਕਹਿਣ ਦਾ ਇੱਕ ਆਧਾਰ ਮੌਜੂਦ ਹੈ ਕਿ ਬਹੁਤ ਸਾਰੀਆਂ ਵੋਟਿੰਗ ਮਸ਼ੀਨਾਂ ਬਣਾਉਣ ਵਾਲੀ ਕੰਪਨੀਆਂ ਤੋਂ ਚੋਣ ਕਮਿਸ਼ਨ ਨੂੰ ਭੇਜੇ ਜਾਣ ਵੇਲੇ ਰਾਹ ਵਿੱਚੋਂ ਗਾਇਬ ਹੋਣ ਦੀ ਚਰਚਾ ਅਜੇ ਵੀ ਹੁੰਦੀ ਹੈ। ਇਸ ਦੀ ਜਾਂਚ ਕਦੀ ਕਰਵਾਈ ਨਹੀਂ ਗਈ, ਇਸ ਲਈ ਲੋਕ ਗੱਲਾਂ ਕਰਦੇ ਹਨ। ਉਨ੍ਹਾਂ ਨੂੰ ਕਰਨ ਦਾ ਹੱਕ ਵੀ ਹੈ। ਭਾਜਪਾ ਸਰਕਾਰ ਦੇ ਹੁੰਦਿਆਂ ਹੋਰ ਗੱਲਾਂ ਦੀ ਪੜਤਾਲ ਹੁੰਦੀ ਹੈ, ਇਹੋ ਜਿਹੇ ਮੁੱਦਿਆਂ ਦੀ ਨਾ ਹੋਈ ਹੈ, ਨਾ ਹੋਣ ਦੀ ਆਸ ਹੈ।


ਅਸੀਂ ਇਸ ਤੋਂ ਹਟ ਕੇ ਉਸ ਵੱਡੇ ਮੁੱਦੇ ਵੱਲ ਆਉਣਾ ਚਾਹੁੰਦੇ ਹਾਂ, ਜਿਸ ਨਾਲ ਬਹੁਤ ਸਾਰੇ ਲੋਕ ਚਿੰਤਾ ਵਿੱਚ ਸਨ ਕਿ ਇਸ ਦੇਸ਼ ਲਈ ਇਹ ਚੋਣਾਂ ਕਿਸੇ ਵੱਡੇ ਪੁਆੜੇ ਦਾ ਮੁੱਢ ਬੰਨ੍ਹ ਸਕਦੀਆਂ ਹਨ। ਇੱਕ ਕੇਂਦਰੀ ਮੰਤਰੀ ਓਥੇ ਜਦੋਂ ਭੀੜ ਕੋਲੋਂ ਇਹ ਨਾਅਰਾ ਮਰਵਾਉਂਦਾ ਵੇਖਿਆ ਗਿਆ ਕਿ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਤਾਂ ਇਹ ਓਹਲਾ ਕਿਸੇ ਨੂੰ ਨਹੀਂ ਸੀ ਕਿ ਉਹ ਭੀੜ ਤੋਂ ਸਿਰਫ ਨਾਅਰਾ ਨਹੀਂ ਮਰਵਾ ਰਿਹਾ, ਭੀੜ ਨੂੰ ਉਕਸਾ ਰਿਹਾ ਹੈ। ਏਦਾਂ ਉਕਸਾਈ ਭੀੜ ਤੋਂ ਦਿੱਲੀ ਵਿੱਚ ਕਾਂਗਰਸੀਆਂ ਨੇ ਤੇ ਗੁਜਰਾਤ ਵਿੱਚ ਭਾਜਪਾਈਆਂ ਨੇ ਬੀਤੇ ਸਮੇਂ ਵਿੱਚ ਏਦਾਂ ਦੇ ਕਹਿਰ ਵਰਤਾਏ ਹੋਏ ਹਨ ਕਿ ਸਾਡੇ ਲੋਕਾਂ ਨੂੰ ਉਹ ਕਦੇ ਵੀ ਭੁੱਲ ਨਹੀਂ ਸਕਣੇ। ਕਾਂਗਰਸ ਤਾਂ ਇਸ ਵਕਤ ਕੁਝ ਕਰਨ ਜੋਗੀ ਨਹੀਂ ਤੇ ਭੀੜਾਂ ਵੀ ਉਸ ਦਾ ਕੋਈ ਆਗੂ ਭੜਕਾਉਣਾ ਚਾਹੇ ਤਾਂ ਨਹੀਂ ਭੜਕਣੀਆਂ, ਪਰ ਜਿਹੜੇ ਲੋਕਾਂ ਨੇ ਦਿੱਲੀ ਚੋਣਾਂ ਦੌਰਾਨ ਇਹ ਰਾਹ ਫੜਿਆ ਸੀ, ਉਨ੍ਹਾਂ ਦੀ ਸੋਚ ਦੇ ਧਾਰਨੀ ਲੋਕ ਹਰ ਹੱਦ ਤੱਕ ਜਾ ਸਕਦੇ ਹਨ। ਦਿੱਲੀ ਚੋਣਾਂ ਨੂੰ ਪਕਿਸਤਾਨ ਤੇ ਭਾਰਤ ਦਾ ਮੈਚ ਹੋਣ ਦੀ ਗੱਲ ਕਹਿਣਾ ਤੇ ਫਿਰ ਅੱਸੀ ਫੀਸਦੀ ਨਾਲ ਵੀਹ ਫੀਸਦੀ ਦਾ ਮੁਕਾਬਲਾ ਕਹਿ ਕੇ ਅੱਸੀ ਫੀਸਦੀ ਹਿੰਦੂਆਂ ਅਤੇ ਵੀਹ ਫੀਸਦੀ ਘੱਟ-ਗਿਣਤੀ ਭਾਈਚਾਰਿਆਂ ਦੇ ਲੋਕਾਂ ਦਾ ਭੇੜ ਕਰਾਉਣ ਦੀ ਚੁਆਤੀ ਲਾਉਣਾ ਇਸ ਦੇਸ਼ ਵਿੱਚ ਲਾਂਬੂ ਲਾਉਣ ਦੀ ਉਸ ਨੀਤ ਦਾ ਝਲਕਾਰਾ ਦੇ ਰਿਹਾ ਹੈ, ਜਿਹੜੀ ਨਾਅਰੇ ਲਾਉਣ ਵਾਲਿਆਂ ਦੇ ਲੀਡਰਾਂ ਦੇ ਮਨ ਵਿੱਚ ਹੈ। ਜਮਹੂਰੀ ਢੰਗ ਨਾਲ ਚੁਣੇ ਹੋਏ ਮੁੱਖ ਮੰਤਰੀ ਨੂੰ ਦਿੱਲੀ ਵਿੱਚ ਤੁਰਿਆ-ਫਿਰਦਾ ਅੱਤਵਾਦੀ ਆਖਣਾ ਵੀ ਸਿਰੇ ਦੀ ਬੇਹੂਦਗੀ ਸੀ ਅਤੇ ਏਦਾਂ ਦੀ ਬੇਹੂਦਗੀ ਕਰਨ ਵਾਲੇ ਦੋ-ਚਾਰ ਨਹੀਂ, ਸਗੋਂ ਸਾਰੇ ਦੇਸ਼ ਵਿੱਚੋਂ ਲਿਆਂਦੀ ਧਾੜ ਇਹੋ ਕੁਝ ਕਰ ਕੇ ਚੁਆਤੀਆਂ ਲਾਉਣ ਲਈ ਸਿਰ ਪਰਨੇ ਹੋਈ ਪਈ ਸੀ। ਸ਼ੁਕਰ ਹੈ ਕਿ ਦਿੱਲੀ ਇੱਕ ਭੱਠੀ ਵਿੱਚ ਪੈਣ ਤੋਂ ਬਚ ਗਈ ਹੈ।



ਪੱਤਰਕਾਰ ਹੋਣ ਕਰ ਕੇ ਮੈਂ ਕਿਸੇ ਅਰਵਿੰਦ ਕੇਜਰੀਵਾਲ ਦਾ ਉਪਾਸ਼ਕ ਹੋਣ ਦਾ ਦਾਅਵਾ ਨਹੀਂ ਕਰਦਾ ਤੇ ਕਰਨਾ ਵੀ ਨਹੀਂ ਚਾਹੁੰਦਾ, ਉਹ ਚੰਗਾ ਕੰਮ ਕਰੇ ਤਾਂ ਸਿਫਤ ਵੀ ਕਰਾਂਗੇ ਅਤੇ ਗਲਤੀ ਕੀਤੀ ਤਾਂ ਚੋਭ ਵੀ ਲਾਵਾਂਗੇ, ਪਰ ਦੇਸ਼ ਦੇ ਲੋਕਾਂ ਦੀ ਆਵਾਜ਼ ਇਹੋ ਕਹਿੰਦੀ ਹੈ ਕਿ ਉਸ ਨੇ ਪੰਜ ਸਾਲ ਕੀਤੇ ਕੰਮ ਦੇ ਆਸਰੇ ਇਹ ਫਤਵਾ ਹਾਸਲ ਕੀਤਾ ਹੈ। ਭਾਰਤ ਦੇ ਕਿਸੇ ਵੀ ਹੋਰ ਸੂਬੇ ਵਿੱਚ ਇਸ ਤਰ੍ਹਾਂ ਦੀ ਧੜੱਲੇਦਾਰ ਜਿੱਤ ਲਗਾਤਾਰ ਦੂਸਰੀ ਵਾਰ ਕਿਸੇ ਲੀਡਰ ਦੀ ਹੋਈ ਹੋਵੇ, ਸਾਨੂੰ ਏਹੋ ਜਿਹਾ ਕੋਈ ਮੌਕਾ ਯਾਦ ਨਹੀਂ। ਨਰਿੰਦਰ ਮੋਦੀ ਵੀ ਗੁਜਰਾਤ ਦਾ ਮੁੱਖ ਮੰਤਰੀ ਬਣ ਕੇ ਆਪਣੀ ਪਹਿਲੀ ਚੋਣ ਦੌਰਾਨ ਇੱਕ ਸੌ ਬਿਆਸੀ ਵਿੱਚੋਂ ਇੱਕ ਸੌ ਸਤਾਈ ਸੀਟਾਂ ਹੀ ਜਿੱਤ ਸਕਿਆ ਸੀ ਤੇ ਵੋਟਾਂ ਪੰਜਾਹ ਫੀਸਦੀ ਤੋਂ ਕੁਝ ਘੱਟ ਰਹੀਆਂ ਸਨ ਤੇ ਦੂਸਰੀ ਚੋਣ ਵਿੱਚ ਉਸ ਦੀਆਂ ਸੀਟਾਂ ਨਾਲ ਵੋਟਾਂ ਵੀ ਘਟ ਗਈਆਂ ਸਨ। ਉਹ ਗੁਜਰਾਤ ਤੋਂ ਪੰਜਾਹ ਫੀਸਦੀ ਵੋਟਾਂ ਸ਼ਾਇਦ ਕਦੇ ਵੀ ਨਹੀਂ ਲੈ ਸਕਿਆ। ਕੇਜਰੀਵਾਲ ਨੇ ਪਹਿਲੀ ਵਾਰ ਕੱਚਘਰੜ ਜਿਹੀ ਪਾਰਟੀ ਨਾਲ ਤੀਹ ਕੁ ਫੀਸਦੀ ਵੋਟਾਂ ਨਾਲ ਅਠਾਈ ਸੀਟਾਂ ਜਿੱਤੀਆਂ, ਦੂਸਰੀ ਵਾਰੀ ਪੱਕੀ ਪਾਰਟੀ ਬਣਾ ਕੇ ਸਾਹਮਣੇ ਆਇਆ ਤਾਂ ਸੱਤਰ ਵਿੱਚੋਂ ਸਤਾਹਠ ਸੀਟਾਂ ਤੇ ਚਰਵੰਜਾ ਫੀਸਦੀ ਤੋਂ ਵੱਧ ਵੋਟਾਂ ਲੈ ਗਿਆ ਸੀ। ਆਪਣੇ ਪੰਜ ਸਾਲ ਦੇ ਰਾਜ ਪਿੱਛੋਂ ਪਹਿਲੀ ਵਾਰ ਲੋਕਾਂ ਤੋਂ ਵੋਟਾਂ ਮੰਗਣ ਗਿਆ ਕੇਜਰੀਵਾਲ ਬਾਹਠ ਸੀਟਾਂ ਦੇ ਨਾਲ ਸਾਢੇ ਤਰਵੰਜਾ ਫੀਸਦੀ ਵੋਟਾਂ ਲੈ ਗਿਆ। ਲੋਕਾਂ ਨੇ ਏਦਾਂ ਦਾ ਧਰਤੀ ਹਲੂਣਵਾਂ ਫਤਵਾ ਉਸ ਨੂੰ ਦਿੱਤਾ ਹੈ ਤਾਂ ਇਸ ਦਾ ਸਤਿਕਾਰ ਭਾਜਪਾ ਲੀਡਰਸ਼ਿਪ ਨੂੰ ਕਰਨਾ ਚਾਹੀਦਾ ਹੈ।

ਜਦੋਂ ਇਹ ਚੋਣਾਂ ਲੰਘ ਗਈਆਂ ਅਤੇ ਨਤੀਜਾ ਆਏ ਨੂੰ ਤਿੰਨ ਦਿਨ ਲੰਘ ਗਏ ਤਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਕਿਹਾ ਹੈ ਕਿ ਦਿੱਲੀ ਚੋਣਾਂ ਵਿੱਚ ਸਾਡੇ ਕੁਝ ਲੋਕਾਂ ਵੱਲੋਂ ਭਾਰਤ-ਪਾਕਿਸਤਾਨ ਮੈਚ ਜਾਂ ਗੋਲੀ ਮਾਰੋ ਵਾਲੀ ਗੱਲ ਕਹਿਣ ਦਾ ਸਾਨੂੰ ਨੁਕਸਾਨ ਹੋਇਆ ਹੈ। ਉਹ ਠੀਕ ਆਖਦਾ ਹੈ। ਭਾਰਤ ਦੇ ਹਰ ਰਾਜ ਵਿੱਚੋਂ ਆਏ ਹੋਏ ਲੋਕ ਜਿਹੜੇ ਸ਼ਹਿਰ ਵਿੱਚ ਵੱਸਦੇ ਹਨ, ਓਥੇ ਇਸ ਤਰ੍ਹਾਂ ਦੀਆਂ ਬੇਹੂਦਾ ਗੱਲਾਂ ਨੇ ਲੋਕਾਂ ਵਿੱਚ ਡਰ ਪੈਦਾ ਕੀਤਾ ਸੀ ਕਿ ਦਿੱਲੀ ਦਾ ਅਮਨ ਇਹ ਚੋਣ ਜਿੱਤਣ ਲਈ ਖਤਰੇ ਵਿੱਚ ਪਾਇਆ ਗਿਆ ਹੈ। ਜਦੋਂ ਇਹ ਹਾਲਾਤ ਪੈਦਾ ਕੀਤੇ ਜਾ ਰਹੇ ਸਨ, ਜਦੋਂ ਇਹ ਬੇਹੂਦਗੀ ਭਰੇ ਭਾਸ਼ਣ ਕੀਤੇ ਜਾ ਰਹੇ ਸਨ, ਉਸ ਵੇਲੇ ਅਮਿਤ ਸ਼ਾਹ ਜਾਂ ਉਨ੍ਹਾਂ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਸੀ ਕੀਤੀ, ਸਗੋਂ ਅਮਿਤ ਸ਼ਾਹ ਨੇ ਖੁਦ ਲੋਕਾਂ ਨੂੰ ਸੱਦਾ ਦੇ ਦਿੱਤਾ ਸੀ ਕਿ ਵੋਟ ਪਾਉਣ ਵੇਲੇ ਏਨੇ ਜ਼ੋਰ ਨਾਲ ਬਟਨ ਦਬਾਇਓ ਕਿ ਸ਼ਾਹੀਨ ਬਾਗ ਵਿੱਚ ਧਰਨਾ ਲਾਈ ਬੈਠਿਆਂ ਨੂੰ ਇਸ ਦਾ ਕਰੰਟ ਜ਼ਰੂਰ ਲੱਗੇ। ਨਵੇਂ ਉੱਠ ਰਹੇ ਆਗੂ ਕੁਝ ਬੋਲਦੇ ਸਨ ਤਾਂ ਵੱਡਿਆਂ ਨੇ ਰੋਕਣਾ ਸੀ, ਪਰ ਏਥੇ ਵੱਡੇ ਆਗੂ ਉਨ੍ਹਾਂ ਨੂੰ ਰੋਕਣ ਦੀ ਥਾਂ ਇਸ ਦੌੜ ਦੇ ਖਿਡਾਰੀ ਬਣ ਗਏ ਕਿ ਸਾਮ-ਦਾਮ-ਦੰਡ-ਭੇਦ ਜਿਵੇਂ ਵੀ ਹੋਵੇ, ਚੋਣ ਲੜਾਈ ਜਿੱਤਣ ਲਈ ਸਭ ਜਾਇਜ਼ ਹੈ। ਨਤੀਜਾ ਇਸ ਦਾ ਜੋ ਨਿਕਲਿਆ, ਉਹ ਬਾਕੀ ਲੋਕ ਸੀਟਾਂ ਦੇ ਪੱਖੋਂ ਵੇਖਦੇ ਹਨ ਅਤੇ ਅਸੀਂ ਇੱਕ ਵੱਖਰੇ ਪੱਖ ਤੋਂ ਵੇਖਿਆ ਹੈ। ਭਾਜਪਾ ਨੇ ਪਿਛਲੇ ਸਮੇਂ ਵਿੱਚ ਆਪਣੀ ਮੈਂਬਰਸ਼ਿਪ ਦੀ ਇੱਕ ਉਚੇਚੀ ਮੁਹਿੰਮ ਸ਼ੁਰੂ ਕੀਤੀ ਸੀ। ਬਾਅਦ ਵਿੱਚ ਇਹ ਦੱਸਿਆ ਗਿਆ ਸੀ, ਅਤੇ ਅੱਜ ਵੀ ਭਾਜਪਾ ਦਾ ਇਹ ਦਾਅਵਾ ਕਾਇਮ ਹੈ, ਕਿ ਬਾਹਠ ਲੱਖ ਲੋਕ ਦਿੱਲੀ ਵਿੱਚ ਇਸ ਪਾਰਟੀ ਦੇ ਮੈਂਬਰ ਹਨ। ਇਸ ਦਾਅਵੇ ਦਾ ਉਹ ਮਾਣ ਕਰ ਸਕਦੀ ਹੈ, ਪਰ ਜਿਹੜੀ ਗੱਲ ਸ਼ਰਮਿੰਦਾ ਕਰਨ ਵਾਲੀ ਹੈ, ਉਹ ਇਹ ਕਿ ਵਿਧਾਨ ਸਭਾ ਚੋਣਾਂ ਵਿੱਚ ਇਸ ਪਾਰਟੀ ਨੂੰ ਦਿੱਲੀ ਵਿੱਚ ਸਿਰਫ ਪੌਣੇ ਛੱਤੀ ਲੱਖ ਵੋਟਾਂ ਪਈਆਂ ਹਨ। ਇਸ ਦਾ ਦੂਸਰਾ ਅਰਥ ਇਹ ਹੈ ਕਿ ਇਸ ਪਾਰਟੀ ਦੇ ਬਾਹਠ ਲੱਖ ਵਿੱਚੋਂ ਮਸਾਂ ਛੱਤੀ ਲੱਖ ਨੇ ਆਪਣੀ ਪਾਰਟੀ ਨੂੰ ਵੋਟਾਂ ਪਾਈਆਂ ਤੇ ਭਾਜਪਾ ਦੇ ਆਪਣੇ ਛੱਬੀ ਲੱਖ ਮੈਂਬਰਾਂ ਨੇ ਇਸ ਪਾਰਟੀ ਨੂੰ ਵੋਟਾਂ ਪਾਉਣ ਦੇ ਲਈ ਹੱਕਦਾਰ ਨਹੀਂ ਸਮਝਿਆ। ਆਖਰ ਕੀ ਕਾਰਨ ਹੈ ਕਿ ਭਾਜਪਾ ਦੇ ਆਪਣੇ ਛੱਬੀ ਲੱਖ ਮੈਂਬਰ ਵੀ ਇਸ ਨੂੰ ਵੋਟਾਂ ਪਾਉਣ ਤੋਂ ਮੂੰਹ ਮੋੜ ਗਏ ਅਤੇ ਉਨ੍ਹਾਂ ਨੇ ਇਸ ਦੇ ਖਿਲਾਫ ਵੋਟਾਂ ਪਾ ਦਿੱਤੀਆਂ? ਕੀ ਕਾਰਨ ਹੈ ਕਿ ਉਹ ਪਾਰਟੀ ਦੀ 'ਅਭੀ ਜਾਂ ਕਭੀ ਨਹੀਂ' ਦੇ ਨਾਅਰੇ ਵਾਲੀ ਲੜਾਈ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਗਏ? ਅਰਥ ਇਹੋ ਹੈ ਕਿ ਹਵਾਈ ਉਡਾਰੀਆਂ ਲਾ ਰਹੀ ਇਸ ਪਾਰਟੀ ਦੇ ਆਪਣੇ ਮੈਂਬਰ ਵੀ ਇਸ ਦੇ ਰਾਜ ਵਿੱਚ ਸੁਖਾਵਾਂ ਮਹਿਸੂਸ ਨਹੀਂ ਕਰਦੇ, ਉਹ ਘੁਟਨ ਮਹਿਸੂਸ ਕਰਦੇ ਹਨ ਅਤੇ ਬਹੁਤੀ ਦੂਰ ਇਸ ਨਾਲ ਜਾਣ ਤੋਂ ਝਿਜਕਣ ਲੱਗੇ ਹਨ। ਇਹ ਸ਼ੁਭ ਸੰਕੇਤ ਹਨ ਭਾਰਤ ਲਈ ਕਿ ਦੇਸ਼ ਦੇ ਲੋਕ ਮੋੜਾ ਕੱਟ ਰਹੇ ਹਨ।

## ਗੁਰਦੁਆਰਾ ਛੋਟਾ ਨਾਨਕਿਆਣਾ, ਸਿਰਦੂ, ਅਜ਼ਾਦ ਕਸ਼ਮੀਰ



ਸਿਰਦੂ ਨਾਮੀ ਸ਼ਹਿਰ ਆਜ਼ਾਦ ਕਸ਼ਮੀਰ ਦਾ ਇੱਕ ਬਹੁਤ ਹੀ ਪ੍ਰਸਿੱਧ ਨਗਰ ਹੈ । ਹਰ ਸਾਲ ਗਰਮੀਆਂ ਵਿੱਚ ਹਜ਼ਾਰਾਂ ਲੋਕ ਇੱਥੇ ਸੈਰ ਕਰਨ ਆਉਂਦੇ ਹਨ। ਇਹ ਸ਼ਹਿਰ ਲਾਹੌਰ ਤੋਂ ਕੋਈ ਸਾਢੇ ਚਾਰ ਸੌ ਕਿਲੋਮੀਟਰ ਦੂਰ ਹੈ। ਸਿਰਦੂ ਦੇ ਮੇਨ ਚੌਕ ਤੋਂ ਕੋਈ ਇੱਕ ਕਿਲੋਮੀਟਰ ਅੱਗੇ ਇੱਕ ਨਿੱਕੀ ਜਿਹੀ ਪਹਾੜੀ ਉੱਤੇ ਇੱਕ ਵਿਸ਼ਾਲ ਇਮਾਰਤ ਹੈ। ਇਹ ਇਮਾਰਤ ਹੀ ਗੁਰਦੁਆਰਾ ਛੋਟਾ ਨਾਨਕਿਆਣਾ ਹੈ। ਪਹਾੜੀ ਦੇ ਉੱਤੇ ਪ੍ਰਕਾਸ਼ ਅਸਥਾਨ, ਲੰਗਰ ਹਾਲ ਅਤੇ ਸਰਾਂ ਹੈ। ਇਸ ਇਮਾਰਤ ਦੇ ਥੱਲੇ ਮੇਨ ਸੜਕ ਦੇ ਉੱਤੇ ਦੁਕਾਨਾਂ ਹਨ। ਇਹ ਦੁਕਾਨਾਂ ਇਸ ਪਾਵਨ ਅਸਥਾਨ ਦੀ ਮਾਲਕੀ ਹਨ। ਗੁਰਦੁਆਰਾ ਸਾਹਿਬ ਤੋਂ ਕੋਈ ਦੋ ਕਿਲੋਮੀਟਰ ਅੱਗੇ ਸਿਕਰ ਦਾ ਕਿਲਾ ਹੈ। ਜਗਤ ਗੁਰੂ ਨਾਨਕ ਦੇਵ ਜੀ ਆਪਣੀ ਚੀਨ ਦੀ ਫੇਰੀ ਤੋਂ ਮੁੜਦੇ ਹੋਏ ਇਸ ਅਸਥਾਨ ਤੇ ਠਹਿਰੇ। ਇਸ ਨੂੰ ਮੁਕਾਮੀ ਲੋਕ ਅਸਥਾਨ ਨਾਨਕ ਪੀਰ ਵੀ ਕਹਿੰਦੇ ਹਨ। ਇਸ ਵੇਲੇ ਇਮਾਰਤ ਦੀ ਹਾਲਤ ਕੋਈ ਚੰਗੀ ਨਹੀਂ। ਪ੍ਰਕਾਸ਼ ਅਸਥਾਨ ਅਲੋਪ ਹੁੰਦਾ ਜਾ ਰਿਹਾ ਹੈ। ਬਾਕੀ ਇਮਾਰਤ ਵੀ ਉੱਜੜੀ ਪਈ ਹੈ, ਕੇਵਲ ਦੁਕਾਨਾਂ ਦੀ ਹੀ ਲੋਕ ਸੰਭਾਲ ਕਰਦੇ ਹਨ ।

## ਸ਼ਾਹੀਨ ਬਾਗ਼ ਦੇ ਮਰਦ



-ਸੀਮਾ ਸ਼ਰਮਾ

ਦਿੱਲੀ ਦੇ ਸ਼ਾਹੀਨ ਬਾਗ ਵਿੱਚ ਪੱਕੇ ਮੋਰਚੇ ਉੱਤੇ ਬੈਠੀਆਂ ਔਰਤਾਂ ਕਿਸੇ ਪਛਾਣ ਲਈ ਮੁਥਾਜ ਨਹੀਂ। ਇਹ ਔਰਤਾਂ ਭਾਰਤ ਹੀ ਨਹੀਂ, ਪੂਰੀ ਦੁਨੀਆ ਵਿੱਚ ਸੁਰਖੀਆਂ ਵਿੱਚ ਹਨ। ਸ਼ਾਹੀਨ ਬਾਗ਼ ਵਿੱਚ ਬੈਠੀਆਂ ਬੁਰਕਾ-ਨਸ਼ੀਨ ਔਰਤਾਂ ਦੀਆਂ ਲਾਲ ਸੁਰਖ ਅੱਖਾਂ ਸਾਨੂੰ ਕਿਸੇ ਨਵੀਂ ਦੁਨੀਆ ਦਾ ਅਹਿਸਾਸ ਕਰਾਉਂਦੀਆਂ ਨਜ਼ਰ ਆਉਂਦੀਆਂ ਹਨ। ਉਹ ਆਪਣੇ ਚੂੜੀਆਂ ਵਾਲੇ ਹੱਥਾਂ ਨਾਲ ਜਦੋਂ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਲਾਉਂਦੀਆਂ ਹਨ ਤਾਂ ਦਿੱਲੀ ਨਹੀਂ, ਸਾਰਾ ਦੇਸ਼ ਗੂੰਜਣ ਲੱਗਦਾ ਹੈ। ਸ਼ਾਹੀਨ ਬਾਗ਼ ਦੀਆਂ ਔਰਤਾਂ ਦੀ ਤਰਜ਼ ਉੱਤੇ ਦੇਸ਼ ਵਿੱਚ ਕਈ ਥਾਵਾਂ ਉੱਤੇ ਔਰਤਾਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਅਤੇ ਐਨ ਆਰ ਸੀ ਦੇ ਖ਼ਿਲਾਫ਼ ਮੁਜ਼ਾਹਰੇ ਕਰ ਰਹੀਆਂ ਹਨ।

ਇਸ ਰੌਲੇ ਵਿੱਚ ਲੋਕ ਸ਼ਾਹੀਨ ਬਾਗ਼ ਦੇ ਮਰਦਾਂ ਬਾਰੇ ਸਵਾਲ ਕਰਨਾ ਭੁੱਲ ਗਏ ਤਾਂ ਭਾਜਪਾ ਦੇ ਸਟਾਰਾਂ ਪ੍ਰਚਾਰਕਾਂ ਵਿੱਚੋਂ ਇੱਕ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਉਨ੍ਹਾਂ ਮਰਦਾਂ ਉੱਤੇ ਸਵਾਲ ਚੁੱਕਿਆ ਕਿ ਉਹ ਆਪਣੀਆਂ ਔਰਤਾਂ ਤੇ ਬੱਚਿਆਂ ਨੂੰ ਸੜਕਾਂ ਉਤੇ ਉਤਾਰ ਕੇ ਖੁਦ ਰਜ਼ਾਈਆਂ ਵਿੱਚ ਆਰਾਮ ਫਰਮਾ ਰਹੇ ਹਨ। ਇਉਂ ਸੀ ਏ ਏ ਨਾਲ ਧਰਮ ਦੀ ਰਾਜਨੀਤੀ ਕਰਨ ਪਿੱਛੋਂ ਲਿੰਗ ਦੇ ਆਧਾਰ ਉੱਤੇ ਵਖਰੇਵੇਂ ਦੀ ਸਿਆਸਤ ਸ਼ੁਰੂ ਕਰ ਦਿੱਤੀ ਗਈ। ਉਂਜ ਇਹ ਸਿਆਸਤ ਤਿੰਨ ਤਲਾਕ ਅਤੇ ਇਸ ਤੋਂ ਪਹਿਲਾਂ ਦੀ ਚੱਲ ਰਹੀ ਹੈ।

ਖੈਰ! ਇਨ੍ਹਾਂ ਸਵਾਲਾਂ ਅਤੇ ਤਕਰੀਰਾਂ ਵਿਚਾਲੇ ਮੈਂ ਸ਼ਾਹੀਨ ਬਾਗ਼ ਦੀਆਂ ਔਰਤਾਂ ਦਾ ਅੰਦੋਲਨ ਦੇਖਣ ਪਹੁੰਚੀ ਤਾਂ ਔਰਤਾਂ ਤੋਂ ਪਹਿਲਾਂ ਉਥੇ ਮਰਦ ਦਿਖਾਈ ਦਿੱਤੇ। ਇਨ੍ਹਾਂ ਵਿੱਚ ਚਾਰ ਸਾਲਾ ਜ਼ੁਨੈਦ ਅਹਿਮਦ ਤੋਂ ਲੈ ਕੇ 80 ਸਾਲਾ ਮੁਹੰਮਦ ਅਬਦੁੱਲਾ ਤੱਕ ਦੀ ਉਮਰ ਵਾਲੇ ਮੌਜੂਦ ਸਨ ਅਤੇ ਇਨ੍ਹਾਂ ਵਿੱਚੋਂ ਕੋਈ ਉਥੇ ਆਪਣੀਆਂ ਕਹਾਣੀਆਂ ਰਾਹੀਂ ਆਪਣੇ ਆਪ ਨੂੰ ਹਿੰਦੋਸਤਾਨੀ ਸਾਬਿਤ ਕਰਦਾ ਨਜ਼ਰ ਆ ਰਿਹਾ ਸੀ, ਕੋਈ ਆਪਣੇ ਬੱਚਿਆਂ ਨੂੰ ਸੰਭਾਲਦਾ ਤੇ ਕੋਈ ਬਰਿਆਨੀ ਬਣਾਉਂਦਾ (ਉਹੀ ਬਿਰਆਨੀ, ਜਿਸ ਨੇ ਇੱਕ ਵਾਰ ਦਿੱਲੀ ਦੀ ਚੋਣ-ਸਿਆਸਤ ਵਿੱਚ ਹਲਚਲ ਮਚਾਈ ਸੀ) ਦਿੱਸਦਾ ਹੈ।

60 ਸਾਲਾ ਮੁਹੰਮਦ ਬੰਦੂ ਖ਼ਾਨ ਨੂੰ ਜਦੋਂ ਸ਼ਾਹੀਨ ਬਾਗ਼ ਵਿੱਚ ਹੋਣ ਬਾਰੇ ਪੁੱਛਿਆ ਤਾਂ ਉਸ ਨੇ ਭਰੀਆਂ ਅੱਖਾਂ ਨਾਲ ਮੈਨੂੰ ਜਵਾਬ ਦਿੱਤਾ ਕਿ ਆਧਾਰ ਕਾਰਡ ਵਿੱਚ ਮੇਰਾ ਨਾਮ ਬੰਦੂ ਖ਼ਾਨ ਹੈ, ਵੋਟਰ ਕਾਰਡ ਵਿੱਚ ਬੰਦੂ ਮਲਿਕ ਅਤੇ ਰਾਸ਼ਨ ਕਾਰਡ ਵਿੱਚ ਮੁਹੰਮਦ ਬੰਦੂ ਖ਼ਾਨ ਹੈ, ਮੈਂ 60 ਸਾਲਾਂ ਤੋਂ ਹੀ ਦਿੱਲੀ ਵਿੱਚ ਰਹਿੰਦਾ ਹੈ ਪਰ ਕੀ ਸਰਕਾਰ ਦੀ ਨਜ਼ਰ ਵਿੱਚ ਉਹ ਹਿੰਦੋਸਤਾਨੀ ਸਾਬਿਤ ਹੋਵਾਂਗਾ? ਬੰਦੂ ਖ਼ਾਨ ਦੀ ਇਸ ਕਹਾਣੀ ਦੌਰਾਨ ਜਦੋਂ ਆਸ-ਪਾਸ ਨਿਗ੍ਹਾ ਘੁਮਾਈ ਤਾਂ ਕਿੰਨੇ ਹੀ ਮਰਦ ਸ਼ਾਹੀਨ ਬਾਗ਼ ਵਿੱਚ ਬੰਦੂ ਖ਼ਾਨ ਦੀ ਕਹਾਣੀ ਸੁਣਨ ਜਾਂ ਆਪਣੀ ਸੁਣਾਉਣ ਲਈ ਸਾਡੇ ਦੁਆਲੇ ਖੜ੍ਹੇ ਹੋ ਗਏ। ਜ਼ਿਹਨ ਵਿੱਚ ਭਾਜਪਾ ਆਗੂ ਦਾ ਉਹ ਬਿਆਨ ਤੂਫ਼ਾਨ ਵਾਂਗ ਉਠਿਆ, ਜਿਸ ਵਿੱਚ ਉਹ ਲੋਕਾਂ ਨੂੰ ਭੜਕਾ ਰਿਹਾ ਸੀ ਕਿ ਸ਼ਾਹੀਨ ਬਾਗ਼ ਵਿੱਚ ਬੈਠੇ ਲੋਕ ਉਨ੍ਹਾਂ ਦੇ ਘਰਾਂ ਅੰਦਰ ਜਾ ਵੜਨਗੇ ਅਤੇ ਧੀਆਂ ਭੈਣਾਂ ਨਾਲ ਜ਼ਬਰਦਸਤੀ ਕਰਨਗੇ!

30-35 ਸਾਲਾ ਜ਼ਾਇਦ ਅਹਿਮਦ ਇਹ ਆਖਦਾ ਹੈ ਕਿ ਸਾਡੇ ਪੁਰਖਿਆਂ ਨੇ ਜਿਨਾਹ ਦੀ ਥਾਂ ਮਹਾਤਮਾ ਗਾਂਧੀ ਨੂੰ ਚੁਣਿਆ। ਹਿੰਦੋਸਤਾਨ ਹੀ ਸਾਡਾ ਦੇਸ਼ ਹੈ, ਫਿਰ ਸਾਨੂੰ ਆਪਣੀ ਵਤਨ ਪ੍ਰਸਤੀ ਦਾ ਸਬੂਤ ਕਿਉਂ ਦੇਣਾ ਪਵੇਗਾ? ਅਸ਼ਫਾਕ ਸ਼ਾਹੀਨ ਬਾਗ਼ ਵਿੱਚ ਆਪਣੀ ਬਿਮਾਰ ਬੇਗਮ ਦੀ ਦਵਾਈ ਲੈ ਕੇ ਖੜ੍ਹਾ ਸੀ। ਇਸੇ ਤਰ੍ਹਾਂ ਸੈਂਕੜੇ ਮਰਦ ਰੋਜ਼ ਸ਼ਾਹੀਨ ਬਾਗ਼ ਵਿੱਚ ਆਪਣੀ ਹਾਜ਼ਰੀ ਲਵਾਉਂਦੇ ਦਿੱਸਦੇ ਹਨ। ਆਪਣੀ ਗੱਲ ਤੋਰਨ ਉਤੇ ਉਨ੍ਹਾਂ ਦੀਆਂ ਅੱਖਾਂ ਛਲਕ ਪੈਂਦੀਆਂ ਹਨ। ਉਹ ਰੋਂਦੇ ਹਨ, ਪਰ ਨਾਲ ਇਨਕਲਾਬ ਦੇ ਨਾਅਰੇ ਵੀ ਪੂਰੇ ਜੋਸ਼ ਨਾਲ ਮਾਰਦੇ ਤੇ ਔਰਤਾਂ ਦੀ ਇੱਜ਼ਤ ਕਰਨਾ ਜਾਣਦੇ ਹਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦਾ ਬਿਆਨ ਸੁਣ ਕੇ ਲਗਦਾ ਹੈ ਕਿ ਅਜਿਹੀ ਸੋਚ ਰੱਖਣ ਵਾਲੇ ਮਰਦਾਂ ਨੂੰ ਸ਼ਾਹੀਨ ਬਾਗ਼ ਵਿੱਚ ਬੈਠੇ ਮਰਦਾਂ ਉਤੇ ਇਸ ਲਈ ਗੁੱਸਾ ਆ ਰਿਹਾ ਹੋਵੇਗਾ ਕਿ ਸ਼ਾਹੀਨ ਬਾਗ਼ ਵਾਲੇ ਮਰਦ ਉਨ੍ਹਾਂ ਦੀ ਮਰਦਾਵੇਂਪਣ ਵਾਲੀ ਪਰਿਭਾਸ਼ਾ ਵਿੱਚ ਫਿੱਟ ਨਹੀਂ ਹੁੰਦੇ। ਉਹ ਆਪਣੀਆਂ ਔਰਤਾਂ ਉੱਤੇ ਗੁੱਸਾ ਨਹੀਂ ਕੱਢ ਰਹੇ, ਉਨ੍ਹਾਂ ਨੂੰ ਡਰਾ ਕੇ ਘਰਾਂ ਅੰਦਰ ਡੱਕਣ ਦੀ ਥਾਂ ਉਨ੍ਹਾਂ ਦਾ ਸਾਥ ਦੇ ਰਹੇ ਹਨ ਅਤੇ ਸ਼ਾਹੀਨ ਬਾਗ਼ ਵਿੱਚ ਬੈਠੀਆਂ ਔਰਤਾਂ ਦੀ ਢਾਲ ਬਣ ਕੇ ਖੜ੍ਹੇ ਹਨ। ਇਉਂ ਇਹ ਮਰਦ ਸਦੀਆਂ ਤੋਂ ਚਲੀ ਆ ਰਹੀ ਮਰਦ ਪ੍ਰਧਾਨ ਪ੍ਰਥਾ ਨੂੰ ਵੰਗਾਰ ਰਹੇ ਹਨ।

ਇਸ ਬਾਰੇ ਜਦੋਂ ਸ਼ਾਹੀਨ ਬਾਗ਼ ਦੇ ਮਰਦਾਂ ਨੂੰ ਪੁੱਛਿਆਂ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਲੜਾਈ ਮਰਦ-ਔਰਤ, ਹਿੰਦੂ-ਮੁਸਲਮਾਨ ਜਾਂ ਬੱਚੇ-ਬੁੱਢੇ ਦੀ ਨਹੀਂ, ਹਿੰ-ਦੋਸਤਾਨ ਦਾ ਨਾਗਰਿਕ ਹੋਣ ਦੀ ਹੈ। ਜੇ ਸੱਤਾ ਵਿੱਚ ਬੈਠੇ ਸਿਆਸਤਦਾਨ ਧਰਮ, ਜਾਤ, ਲਿੰਗ ਜਾਂ ਨਸਲ ਦੀ ਸਿਆਸਤ ਤੋਂ ਉਤੇ ਉਠ ਕੇ ਦੇਖਦੇ ਤਾਂ ਉਨ੍ਹਾਂ ਨੂੰ ਸ਼ਾਹੀਨ ਬਾਗ਼ ਵਿੱਚ ਔਰਤ-ਮਰਦ ਜਾਂ ਹਿੰਦੂ-ਮੁਸਲਿਮ-ਸਿੱਖ ਦੀ ਥਾਂ ਦੇਸ਼ ਦੇ ਜਾਗਰੂਕ ਨਾਗਰਿਕ ਮਿਲਦੇ। ਸ਼ਾਹੀਨ ਬਾਗ਼ ਦੇ ਲੋਕਾਂ ਲਈ ਇਹ ਬੇਹੱਦ ਜ਼ਰੂਰੀ ਹੈ। ਇਹ ਲੜਾਈ ਕਿਸੇ ਧਰਮ, ਜਾਤ, ਲਿੰਗ, ਨਸਲ ਤੋਂ ਉਪਰ ਹੈ। ਇਹ ਦੇਸ਼ ਦੇ ਧਰਮ ਨਿਰਪੱਖ ਹੋਣ ਤੇ ਬਰਾਬਰੀ ਦੀ ਲੜਾਈ ਹੈ। ਇਹ ਲੜਾਈ ਸ਼ਾਹੀਨ ਬਾਗ਼ ਦੇ ਮਰਦਾਂ ਲਈ ਵੀ ਸਦੀਆਂ ਤੋਂ ਚਲੇ ਆਏ ਮਰਦ-ਪ੍ਰਧਾਨ ਸਮਾਜ ਤੋਂ ਇਨਸਾਨ ਬਣਨ ਤੱਕ ਦੀ ਲੜਾਈ ਹੈ। ਇਸ ਸੂਰਤ ਵਿੱਚ ਜਿੱਤ ਜਾਂ ਹਾਰ ਅਰਥ ਨਹੀਂ ਰੱਖਦੀ ਬਲਕਿ ਇਸ ਲਹਿਰ ਵਿੱਚੋਂ ਆਇਆ ਬਦਲਾਓ ਸਾਡੇ ਸਭ ਲਈ ਮਾਇਨੇ ਰੱਖਦਾ ਹੈ। ਇਹ ਬਦਲਾਓ ਅਤੇ ਨਵਾਂ ਸਵੇਰਾ ਇਨ੍ਹਾਂ ਨਾਲ ਹੀ ਆਵੇਗਾ ਜਿਸ ਵਿੱਚੋਂ ਸ਼ਾਹੀਨ ਬਾਗ਼ ਦੇ ਮਰਦ ਮਨਫੀ ਨਹੀਂ ਹੋਣਗੇ।

ਮਿੰਨੀ ਕਹਾਣੀ

## ਦਖਲ

-ਅਦਿਤੀ ਕੰਸਲ

ਅਜੇ ਦੋ ਸਾਲ ਹੋਏ ਸਨ ਮੋਨਿਕਾ ਤੇ ਅਜੈ ਦੇ ਵਿਆਹ ਨੂੰ। ਪਿਆਰਾ ਜਿਹਾ ਬੇਟਾ ਸੀ ਸ਼ਾਨੂੰ। ਮੋਨਿਕਾ ਨੂੰ ਆਪਣੀ ਮਾਂ ਨਾਲ ਬਹੁਤ ਪਿਆਰ ਸੀ। ਮਾਂ ਅਕਸਰ ਮੋਨਿਕਾ ਕੋਲ ਸ਼ਹਿਰ ਆ ਜਾਂਦੀ ਅਤੇ ਦੋ-ਤਿੰਨ ਮਹੀਨ ਰਹਿ ਕੇ ਜਾਂਦੀ। ਕੁਝ ਸਮੇਂ ਤੋਂ ਮੋਨਿਕਾ ਅਤੇ ਅਜੇ ਦਰਮਿਆਨ ਤਣਾਅ ਚੱਲ ਰਿਹਾ ਸੀ। ਛੋਟੀਆਂ-ਛੋਟੀਆਂ ਗੱਲਾਂ 'ਚ ਝਗੜਨ ਲੱਗ ਪੈਂਦੇ। ਮੋਨਿਕਾ ਦੀ ਮਾਂ ਅਕਸਰ ਅਜੈ ਨੂੰ ਖਰੀ-ਖੋਟੀ ਸੁਣਾ ਦਿੰਦੀ। ਮੋਨਿਕਾ ਤੇ ਉਸ ਦੀ ਮਾਂ ਇਕੱਠੇ ਹੋ ਜਾਂਦੇ, ਅਜੈ ਇਕੱਲਾ ਪੈ ਜਾਂਦਾ। ਇੱਕ ਵਾਰ ਦੋਵਾਂ ਵਿਚਾਲੇ ਜਾਣ ਤੋਂ ਝਗੜਾ ਇੰਨਾ ਵੱਧ ਗਿਆ ਕਿ ਮੋਨਿਕਾ ਆਪਣੀ ਮਾਂ ਅਤੇ ਸ਼ਾਨੂ ਨਾਲ ਪੇਕੇ ਚਲੀ ਗਈ। ਕੁਝ ਦਿਨਾਂ ਬਾਅਦ ਮੋਨਿਕਾ ਨੂੰ ਇਕੱਲਾ-ਪਣ ਮਹਿਸੂਸ ਹੋਣ ਲੱਗਾ। ਸ਼ਾਨੂ ਦੀ ਦੇਖਭਾਲ ਵੀ ਪ੍ਰਭਾਵਤ ਹੋਣ ਲੱਗੀ। ਮੋਨਿਕਾ ਨੇ ਮਾਂ ਨੂੰ ਅਜੈ ਕੋਲ ਜਾਣ ਨੂੰ ਕਿਹਾ।

''ਤੂੰ ਕਿਉਂ ਜਾਏਂਗੀ? ਗਲਤੀ ਤੇਰੀ ਨਹੀਂ, ਅਜੈ ਦੀ ਹੈ। ਅਜੈ ਖੁਦ ਆਏਗਾ, ਮੁਆਫੀ ਮੰਗੇਗਾ, ਉਦੋਂ ਜਾਏਂਗੀ। ਮੈਂ ਵੀ ਤੇਰੇ ਨਾਲ ਜਾਵਾਂਗੀ।'' ਮਾਂ ਨੇ ਮੋਨਿਕਾ ਨੂੰ ਸਖਤ ਹਦਾਇਤ ਦਿੱਤੀ।

ਮੋਨਿਕਾ ਸਾਰਾ ਦਿਨ ਸੋਚਦੀ ਰਹੀ। ਸ਼ਾਮ ਨੂੰ ਮਾਂ ਤੋਂ ਅੱਖ ਬਚਾ ਕੇ ਉਸ ਨੇ ਅਜੈ ਨੂੰ ਫੋਨ ਮਿਲਾ ਦਿੱਤਾ। ਗੱਲ ਕਰਦੇ ਹੀ ਮੋਨਿਕਾ ਰੋ ਪਈ। ਫੋਨ ਕੱਟ ਦਿੱਤਾ। ਤੁਰੰਤ ਅਜੈ ਦਾ ਫੋਨ ਆ ਗਿਆ। ਇੰਨੀ ਦੇਰ 'ਚ ਮਾਂ ਆ ਗਈ, ''ਦੇਖੋ ਮੈਂ ਕਿਹਾ ਸੀ, ਨਾ ਤੇਰੀ ਵੈਲਿਊ ਸਮਝੇਗਾ..., ਨਾ ਚੁੱਕ..., ਰਹਿਣ ਦਿਓ..., ਖੁਦ ਨਹੀਂ ਆ ਸਕਦਾ...''

ਮੋਨਿਕਾ ਨੇ ਫੋਨ ਨਹੀਂ ਚੁੱਕਿਆ। ਵਾਰ ਵਾਰ ਰਿੰਗ ਵੱਜਦੀ ਰਹੀ। ਮਾਂ ਦੇ ਬੁੱਲ੍ਹਾਂ 'ਤੇ ਮੁਸਕਰਾਹਟ ਸੀ।

''ਮਾਂ, ਮੈਂ ਸਵੇਰੇ ਸ਼ਾਨੂ ਨੂੰ ਲੈ ਕੇ ਅਜੈ ਕੋਲ ਚਲੀ ਜਾਵਾਂਗੀ।'' ਸ਼ਾਨੂ ਨੂੰ ਦੁੱਧ ਪਿਆਉਂਦੇ ਹੋਏ ਮੋਨਿਕਾ ਬੋਲੀ।

''ਬੇਟੀ, ਇੱਕ ਵਾਰ ਝੁਕ ਗਈ ਤਾਂ ਸਾਰੀ ਜ਼ਿੰਦਗੀ ਝੁਕਣਾ ਪਵੇਗਾ। ਇੱਕ-ਅੱਧੇ ਦਿਨ ਵਿੱਚ ਉਹ ਤੁਹਾਨੂੰ ਲੈਣ ਖੁਦ ਆਵੇਗਾ। ਜਲਦਬਾਜ਼ੀ ਨਾ ਕਰੋ, ਮੈਂ ਵੀ ਤੇਰੇ ਨਾਲ ਚੱਲਾਂਗੀ।'' ਮਾਂ ਦੇ ਬੋਲ ਸਖਤ ਸਨ।

ਅੱਜ ਮੋਨਿਕਾ ਦਾ ਦਿਲ ਨਹੀਂ ਲੱਗ ਰਿਹਾ ਸੀ। ਖਾਣਾ-ਪੀਣਾ, ਬਾਜ਼ਾਰ, ਘਰ, ਟੀ ਵੀ, ਮੋਬਾਈਲ, ਕੁਝ ਚੰਗਾ ਨਹੀਂ ਲੱਗ ਰਿਹਾ ਸੀ। ਮਾਂ ਵੀ ਬਾਜ਼ਾਰ ਗਈ ਸੀ। ਸ਼ਾਨੂ ਸੌਂ ਰਿਹਾ ਸੀ। ਉਦੋਂ ਡੋਰਬੈੱਲ ਵੱਜੀ। ਮੋਨਿਕਾ ਨੇ ਦਰਵਾਜ਼ਾ ਖੋਲ੍ਹਿਆ ਤਾਂ ਸਾਹਮਣੇ ਅਜੈ ਖੜ੍ਹਾ ਸੀ। ਦੋਵੇਂ ਇੱਕ ਦੂਜੇ ਦੇ ਗਲੇ ਲੱਗ ਗਏ। ਮੋਨਿਕਾ ਨੇ ਹੰਝੂਆਂ ਨੇ ਅਜੈ ਦਾ ਮੋਢਾ ਗਿੱਲਾ ਕਰ ਦਿੱਤਾ। ''ਚਲੋ ਮੋਨਿਕਾ..., ਘਰ ਚੱਲੋ, ਤੁਹਾਡੇ ਬਿਨਾਂ ਘਰ ਅਧੂਰਾ ਹੈ। ਤੁਸੀਂ ਅਤੇ ਸ਼ਾਨੂ ਮੇਰੀ ਜ਼ਿੰਦਗੀ ਵੀ ਹੋ ਤੇ ਜ਼ਿੰਮੇਵਾਰੀ ਵੀ। ਮੋਨਿਕਾ ਤੁਸੀਂ ਸਮਝਦਾਰ ਹੈ..., ਨੋਕ-ਝੋਕ ਕਿਸ ਪਤੀ-ਪਤਨੀ 'ਚ ਨਹੀਂ ਹੁੰਦੀ। ਅੱਜ ਤੋਂ ਬਾਅਦ ਅਸੀਂ ਕਦੇ ਵੱਖ ਨਹੀਂ ਹੋਵਾਂਗੇ। ਸ਼ਾਨੂ ਵੀ ਵੱਡਾ ਹੋ ਰਿਹਾ ਹੈ। ਉਸ ਦਾ ਖਿਆਲ ਵੀ ਰੱਖਣਾ ਹੈ।''

''ਜੀ...'' ਮੋਨਿਕਾ ਦੇ ਲਹਿਜ਼ੇ 'ਚ ਮਨਜ਼ੂਰੀ ਸੀ।

''ਮੋਨਿਕਾ, ਮੈਂ ਚਾਹੁੰਦਾ ਹਾਂ ਕਿ ਸਾਡੇ ਜੀਵਨ 'ਚ ਕਿਸੇ ਦਾ ਦਖਲ ਨਾ ਹੋਵੇ। ਭਾਵੇਂ ਕੋਈ ਤੁਹਾਡਾ ਰਿਸ਼ਤੇਦਾਰ ਹੋਵੇ ਜਾਂ ਫਿਰ ਮੇਰਾ। ਸਾਡਾ ਜੀਵਨ ਹੈ। ਸਾਡੀਆਂ ਸਮੱਸਿਆਵਾਂ ਹਨ। ਹੱਲ ਵੀ ਅਸੀਂ ਹੀ...''

ਮੋਨਿਕਾ ਅਜੈ ਦੀ ਗੱਲ ਚੰਗੀ ਤਰ੍ਹਾਂ ਸਮਝ ਰਹੀ ਸੀ। ਉਸ ਨੂੰ ਪਛਤਾਵਾ ਹੋ ਰਿਹਾ ਸੀ।

ਇੰਨੀ ਦੇਰ 'ਚ ਮਾਂ ਬਾਜ਼ਾਰ ਤੋਂ ਆ ਗਈ। ''ਮਾਂ, ਅਸੀਂ ਸ਼ਾਮ ਨੂੰ ਚਲੇ ਜਾਵਾਂਗਾ।'' ਮੋਨਿਕਾ ਨੇ ਆਉਂਦਿਆਂ ਹੀ ਮਾਂ ਨੂੰ ਕਿਹਾ।

''ਠੀਕ ਹੈ ਬੇਟੀ। ਮੈਂ ਵੀ ਤੁਹਾਡੇ ਨਾਲ ਚੱਲਾਂਗੀ।''

''ਨਹੀਂ ਮਾਂ, ਤੁਸੀਂ ਰਹਿਣ ਦਿਓ, ਅਸੀਂ...''

''ਨਹੀਂ, ਬੇਟਾ ਤੈਨੂੰ ਨਹੀਂ ਪਤਾ...''

''ਪਹਿਲਾਂ ਨਹੀਂ ਪਤਾ ਸੀ ਮਾਂ, ਅੱਜ ਪਤਾ ਹੈ, ਜਦੋਂ ਤੁਹਾਨੂੰ ਮਿਲਣਾ ਹੋਵੇਗਾ, ਮੈਂ ਖੁਦ ਹੀ ਆ ਜਾਇਆ ਕਰਾਂਗੀ।''

ਸ਼ਾਮ ਨੂੰ ਅਜੈ, ਮੋਨਿਕਾ ਅਤੇ ਸ਼ਾਨੂੰ ਮੁਸਕਰਾਉਂਦੇ ਹੋਏ ਘਰ ਵੱਲ ਚੱਲ ਪਏ।

## ਹਲਕਾ ਫੁਲਕਾ

ਪਤੀ,''ਕਮਰ ਵਿੱਚ ਬਹੁਤ ਦਰਦ ਹੈ, ਜ਼ਰਾ ਗੁਪਤਾ ਜੀ ਦੇ ਘਰੋਂ ਮਰਹਮ ਤਾਂ ਲੈ ਆ।''

ਪਤਨੀ, ''ਉਹ ਨਹੀਂ ਦੇਣਗੇ, ਬੜੇ ਕੰਜੂਸ ਹਨ।''

ਪਤੀ,''ਹਾਂ, ਖਾਨਦਾਨੀ ਕੰਜੂਸ ਹਨ, ਮਰ ਜਾਣਗੇ, ਪਰ ਦੇਣਗੇ ਨਹੀਂ। ਇੰਝ ਕਰ ਤੂੰ ਅਲਮਾਰੀ ਵਿੱਚੋਂ ਆਪਣੀ ਹੀ ਕੱਢ ਲੈ, ਅੱਜ ਦਰਦ ਕੁਝ ਜ਼ਿਆਦਾ ਹੀ ਹੈ।''

*********

ਇੱਕ ਸ਼ਰਾਬੀ ਨੇ ਐਫ ਐਮ ਰੇਡੀਓ ਨੂੰ ਫੋਨ ਕੀਤਾ ਤੇ ਬੋਲਿਆ, ''ਮੈਨੂੰ ਗ੍ਰੈਂਡ ਰੋਡ 'ਤੇ ਪਰਸ ਮਿਲਿਆ ਹੈ, ਜਿਸ ਵਿੱਚ 15 ਹਜ਼ਾਰ ਰੁਪਏ, ਇੱਕ ਆਈਫੋਨ, ਇੱਕ ਕ੍ਰੈਡਿਟ ਕਾਰਡ ਤੇ ਕਿਸੇ ਪੂਰਵੀ ਨਾਂਅ ਦੀ ਕੁੜੀ ਦਾ ਆਈ ਡੀ ਕਾਰਡ ਮਿਲਿਆ ਹੈ?''

ਰੇਡੀਓ ਜੌਕੀ, ''ਵਾਹ! ਤੁਸੀਂ ਕਿੰਨੇ ਈਮਾਨਦਾਰ ਹੋ। ਤੁਸੀਂ ਉਨ੍ਹਾਂ ਨੂੰ ਉਹ ਪਰਸ ਮੋੜਨ ਚਾਹੁੰਦੇ ਹੋ, ਰਾਈਟ।''

ਸ਼ਰਾਬੀ, ''ਨਹੀਂ, ਮੈਂ ਚਾਹੁੰਦਾ ਹਾਂ ਕਿ ਪੂਰਵੀ ਜੀ ਲਈ ਦਰਦ ਭਰਿਆ ਇੱਕ ਗਾਣਾ ਹੋ ਜਾਵੇ।''

*********



## ਫਰੀਦਕੋਟ ਦੇ ਜ਼ਿਲਾ ਟਰਾਂਸਪੋਰਟ ਅਫਸਰ ਦੇ ਖਿਲਾਫ ਕਰੋੜਾਂ ਦੇ ਭ੍ਰਿਸ਼ਟਾਚਾਰ ਦਾ ਕੇਸ ਦਰਜ

ਫਰੀਦਕੋਟ, 17 ਫਰਵਰੀ (ਪੋਸਟ ਬਿਊਰੋ)- ਜ਼ਿਲਾ ਟਰਾਂਸਪੋਰਟ ਅਫਸਰ (ਡੀ ਟੀ ਓ) ਫਰੀਦਕੋਟ ਨੂੰ ਦੇ ਖਿਲਾਫ ਪੰਜਾਬ ਪੁਲਸ ਨੇ ਉਸ ਜਾਅਲੀ ਡਰਾਈਵਿੰਗ ਲਾਇਸੈਂਸ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਦਾ ਦੋਸ਼ੀ ਮੰਨ ਕੇ ਕੇਸ ਦਰਜ ਕੀਤਾ ਹੈ। ਇਸ ਕੇਸ ਮੁਤਾਬਕ ਜ਼ਿਲਾ ਟਰਾਂਸਪੋਰਟ ਵਿਭਾਗ ਉੱਤੇ ਪੰਜਾਬ ਸਰਕਾਰ ਨੂੰ ਕਰੋੜਾਂ ਰੁਪਏ ਦਾ ਚੂਨਾ ਲਾਉਣ ਦਾ ਦੋਸ਼ ਹੈ, ਜਿਸ ਦੀ ਅਗਲੀ ਕਾਰਵਾਈ ਸ਼ੁਰੂ ਹੋ ਗਈ ਹੈ। ਪਤਾ ਲੱਗਾ ਹੈ ਕਿ ਇਹ ਕੇਸ ਜ਼ਿਲਾ ਸੰਗਰੂਰ ਦੀ ਲੌਂਗੋਵਾਲ ਪੁਲਸ ਨੇ ਦਰਜ ਕੀਤਾ ਅਤੇ ਇਸ ਵਿੱਚ ਫਰੀਦਕੋਟ ਦੇ ਡੀ ਟੀ ਓ ਨੂੰ ਨਾਮਜ਼ਦ ਕੀਤਾ ਹੈ। ਪੁਲਸ ਜਾਂਚ ਵਿੱਚ ਪਤਾ ਲੱਗਾ ਹੈ ਕਿ ਇਸ ਜ਼ਿਲਾ ਟਰਾਂਸਪੋਰਟ ਅਫਸਰ ਵੱਲੋਂ ਜਾਰੀ ਕੀਤੇ 500 ਦੇ ਕਰੀਬ ਡਰਾਈਵਿੰਗ ਲਾਇਸੈਂਸ ਜਾਅਲੀ ਨਿਕਲੇ ਸਨ, ਜਿਹੜੇ 50 ਹਜ਼ਾਰ ਰੁਪਏ ਪ੍ਰਤੀ ਲਾਇਸੈਂਸ ਦੇ ਹਿਸਾਬ ਬਣਾ ਕੇ ਦਿੱਤੇ ਗਏ ਸਨ। ਇਹ ਵੀ ਦੱਸਿਆ ਗਿਆ ਹੈ ਕਿ ਡੀ ਟੀ ਓ ਵਿਰੁੱਧ ਕੇਸ ਦਰਜ ਕੀਤੇ ਜਾਣ ਪਿੱਛੋਂ ਉਸ ਨੇ ਗ੍ਰਿਫਤਾਰੀ ਤੋਂ ਬਚਣ ਲਈ ਕਾਨੂੰਨੀ ਦਾਅ ਵਰਤਣੇ ਸ਼ੁਰੂ ਕਰ ਦਿੱਤੇ ਹਨ। ਇਸ ਵਿਭਾਗ ਵਿੱਚ ਲਗਜ਼ਰੀ ਗੱਡੀਆਂ ਦੇ ਟੈਕਸ ਭਰਵਾਉਣ 'ਚ ਵੱਡੀ ਘਪਲੇਬਾਜ਼ੀ ਹੋਈ ਪਤਾ ਲੱਗੀ ਹੈ। ਰੌਲਾ ਪੈਣ ਉੱਤੇ ਜ਼ਿਲਾ ਟਰਾਂਸਪੋਰਟ ਵਿਭਾਗ ਵੱਲੋਂ ਇਨ੍ਹਾਂ ਗੱਡੀਆਂ ਦੀ ਰਜਿਸਟਰੇਸ਼ਨ ਰੱਦ ਕਰਨ ਦੀ ਖਬਰ ਹੈ। ਜ਼ਿਲਾ ਟਰਾਂਸਪੋਰਟ ਦਫਤਰ ਦਾ ਘਪਲਾ ਪਤਾ ਲੱਗਣ ਤੋਂ ਬਾਅਦ ਪੰਜਾਬ ਸਰਕਾਰ ਨੇ ਸਾਰੇ ਕੇਸ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦੇ ਦਿੱਤੇ ਸਨ।

# ਕਾਂਗਰਸੀ ਵਿਧਾਇਕਾਂ ਵਿੱਚ ਸਰਕਾਰ ਦੀ ਬੇਹਰਕਤੀ ਵਿਰੁੱਧ ਰੋਹ ਦੇ ਪ੍ਰਗਟਾਵੇ ਵਧਣ ਲੱਗੇ

### * ਵਿਧਾਇਕ ਪਰਗਟ ਸਿੰਘ ਵੱਲੋਂ ਮੁੱਖ ਮੰਤਰੀ ਵੱਲ ਪੱਤਰ



ਜਲੰਧਰ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿੱਚ ਕਾਂਗਰਸ ਦੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਤਿੰਨ ਸਾਲਾ ਰਾਜ ਬਾਰੇ ਕਾਂਗਰਸ ਵਿਧਾਇਕ ਦਲ ਵਿੱਚ ਬਾਗੀ ਸੁਰਾਂ ਹੋਰ ਤੇਜ਼ ਹੋ ਰਹੀਆਂ ਹਨ। ਇਸ ਵਾਰ ਜਲੰਧਰ ਛਾਉਣੀ ਹਲਕੇ ਦੇ ਵਿਧਾਇਕ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੇ ਪੰਜਾਬ ਸਰਕਾਰ ਤੇ ਖਾਸ ਕਰ ਕੇ ਮੁੱਖ ਮੰਤਰੀ ਦੀ ਭਰੋਸੇਯੋਗਤਾ ਨੂੰ ਖੋਰਾ ਲੱਗਣ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਸਰਕਾਰ ਦੀ ਕਾਰਗੁਜ਼ਾਰੀ ਉੱਤੇ ਤਿੱਖੇ ਸਵਾਲ ਕੀਤੇ ਹਨ। ਪੰਜਾਬੀ ਵਿੱਚ ਲਿਖੇ ਚਾਰ ਸਫਿਆਂ ਦੇ ਪੱਤਰ ਵਿੱਚ ਉਨ੍ਹਾਂ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਵਾਅਦੇ ਮੁਤਾਬਕ ਰਾਜ ਵਿੱਚ ਨਸ਼ਿਆਂ ਦਾ ਵਹਿਣ ਅਸੀਂ ਰੋਕ ਨਹੀਂ ਸਕੇ ਅਤੇ ਭ੍ਰਿਸ਼ਟਾਚਾਰ ਨੂੰ ਰੋਕ ਲਾਉਣ ਅਤੇ ਰੇਤ, ਟਰਾਂਸਪੋਰਟ ਤੇ ਸ਼ਰਾਬ ਮਾਫੀਏ ਉਪਰ ਸ਼ਿਕੰਜਾ ਕੱਸਣ ਦੀ ਗੱਲ ਸ਼ੁਰੂ ਹੀ ਨਹੀਂ ਹੋ ਸਕੀ।

ਪਰਗਟ ਸਿੰਘ ਨੇ ਧਿਆਨ ਦਿਵਾਇਆ ਹੈ ਕਿ ਅਕਾਲੀ-ਭਾਜਪਾ ਸਰਕਾਰ ਵੱਲੋਂ ਅਨਾਜ ਖਰੀਦ ਵਿੱਚੋਂ 31 ਹਜ਼ਾਰ ਕਰੋੜ ਰੁਪਏ ਦੇ ਘਪਲੇ ਨੂੰ ਕਰਜ਼ੇ 'ਚ ਬਦਲਣ ਦੀ ਜਾਂਚ ਬਾਰੇ ਵੀ ਅਮਲ ਹੋਣਾ ਅਜੇ ਬਾਕੀ ਹੈ। ਉਨ੍ਹਾ ਕਿਹਾ ਕਿ ਨਿੱਜੀ ਬਿਜਲੀ ਕੰਪਨੀਆਂ ਨਾਲ ਹੋਏ ਸਮਝੌਤਿਆਂ ਬਾਰੇ ਵੱਡੇ ਦੋਸ਼ਾਂ ਬਾਰੇ ਚੁੱਪ ਧਾਰੀ ਗਈ ਹੈ। ਉਨ੍ਹਾਂ ਨੇ ਲਿਖਿਆ ਕਿ 77 ਸੀਟਾਂ ਜਿਤਾ ਕੇ ਤੁਹਾਡੀ ਸਰਕਾਰ ਬਣਾਉਣ ਵਾਲੇ ਪੰਜਾਬ ਦੇ ਲੋਕ ਇਸ ਵਕਤ ਤੁਹਾਡੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹੋ ਰਹੇ ਹਨ। ਇਹੀ ਨਹੀਂ, ਉਨ੍ਹਾਂ ਲਿਖਿਆ ਹੈ ਕਿ ਕਾਂਗਰਸ ਸਰਕਾਰ ਬਣਨ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੇ ਸਭ ਤੋਂ ਵੱਧ ਹਿੱਸਾ ਪਾਇਆ ਸੀ। ਉਨ੍ਹਾਂ ਸਵਾਲ ਕੀਤਾ ਹੈ ਕਿ ਬੇਅਦਬੀ ਦੇ ਮੁਜਰਮਾਂ ਅਤੇ ਜ਼ੁਲਮ ਕਰਨ ਵਾਲੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਸਾਡੀ ਸਰਕਾਰ ਦੇ ਯਤਨ ਲੋਕ ਮਨਾਂ ਵਿੱਚ ਸ਼ੱਕ ਦੇ ਘੇਰੇ ਵਿੱਚ ਕਿਉਂ ਆ ਰਹੇ ਹਨ?

ਕਾਫੀ ਸਖਤ ਲਹਿਜ਼ੇ ਵਿੱਚ ਲਿਖੇ ਗਏ ਇਸ ਪੱਤਰ ਵਿੱਚ ਪਰਗਟ ਸਿੰਘ ਨੇ ਕਿਹਾ ਕਿ ਮੈਂ ਤੁਹਾਨੂੰ ਨਿੱਜੀ ਹੈਸੀਅਤ 'ਚ ਪੱਤਰ ਲਿਖ ਰਿਹਾ ਹਾਂ, ਕਿਉਂਕਿ ਮੈਨੂੰ ਪੰਜਾਬ ਨਾਲ ਪਿਆਰ ਤੇ ਤੁਹਾਡੇ ਲਈ ਸਤਿਕਾਰ ਹੈ। ਚੋਣਾਂ ਸਮੇਂ ਦੇ ਵਾਅਦਿਆਂ ਬਾਰੇ ਪਰਗਟ ਸਿੰਘ ਨੇ ਕਿਹਾ ਕਿ ਨਸ਼ਿਆਂ ਦੇ ਚਲਨ ਨੂੰ ਕੋਈ ਠੱਲ੍ਹ ਨਹੀਂ ਪਈ। ਬਾਦਲ-ਰਾਜ ਸਮੇਂ ਖਜ਼ਾਨਾ ਲੁੱਟਣ ਲਈ ਰੱਖੀਆਂ ਚੋਰ-ਮੋਰੀਆਂ ਬੰਦ ਕਰਨ ਵੱਲ ਧਿਆਨ ਕੇਂਦਰਤ ਨਹੀਂ ਕੀਤਾ ਗਿਆ। ਉਨ੍ਹਾਂ ਲਿਖਿਆ ਕਿ ਰੇਤੇ ਤੋਂ ਪੈਸੇ ਬਹੁਤ ਕਮਾਇਆ ਜਾ ਰਿਹਾ ਹੈ, ਪਰ ਇਹ ਸਰਕਾਰ ਦਾ ਖਜ਼ਾਨਾ ਭਰਨ ਦੀ ਥਾਂ ਨਿੱਜੀ ਹੱਥਾਂ ਵਿੱਚ ਜਾ ਰਿਹਾ ਹੈ। ਇਹੀ ਨਹੀਂ, ਉਨ੍ਹਾਂ ਲਿਖਿਆ ਕਿ ਸੋਚਣ ਵਾਲੀ ਗੱਲ ਹੈ ਕਿ ਸ਼ਰਾਬ ਦੀ ਖਪਤ ਵਿੱਚ ਅਸੀਂ ਦੇਸ਼ ਦੇ ਮੋਹਰੀ ਰਾਜਾਂ ਵਿੱਚੋਂ ਮੰਨੇ ਜਾਂਦੇ ਹਾਂ, ਪਰ ਆਮਦਨ ਦੇ ਪੱਖ ਤੋਂ ਫਾਡੀਆਂ ਦੀ ਕਤਾਰ ਵਿੱਚ ਕਿਉਂ ਖਲੋਤੇ ਹਾਂ। ਉਨ੍ਹਾਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸਮੇਂ ਟਰਾਂਸਪੋਰਟ ਤੋਂ ਬਾਦਲਾਂ ਦਾ ਕਬਜ਼ਾ ਟੁੱਟਣ ਦੀ ਥਾਂ ਜਲੰਧਰ-ਦਿੱਲੀ ਹਵਾਈ ਅੱਡਾ ਰੂਟ ਉੱਤੇ ਇੱਕ ਅਧਿਕਾਰ ਹੋ ਜਾਣ ਬਾਰੇ ਕਿਹਾ ਕਿ ਟਰਾਂਸਪੋਰਟ ਮਹਿਕਮੇ ਦੇ ਅਫਸਰਾਂ ਨੂੰ ਬੁਲਾ ਕੇ ਪੁੱਛੋ ਕਿ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਚੰਡੀਗੜ੍ਹ ਨੂੰ ਮੁਨਾਫੇ ਵਾਲੇ ਰੂਟਾਂ 'ਤੇ ਕਿਸ ਦੀਆਂ ਬੱਸਾਂ ਦਾ ਰਾਜ ਹੈ?

ਪਰਗਟ ਸਿੰਘ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਪਹਿਲੇ ਕਾਰਜਕਾਲ ਵਿੱਚ ਤੁਸੀਂ ਭ੍ਰਿਸ਼ਟਾਚਾਰੀਆਂ ਨੂੰ ਸੀਖਾਂ ਪਿੱਛੇ ਹੀ ਨਹੀਂ ਸੀ ਦਿੱਤਾ, ਸਗੋਂ ਵੱਡੇ ਸਿਆਸਤਦਾਨਾਂ ਨੂੰ ਜੇਲ੍ਹ ਭੇਜਣ ਦੀ ਹਿੰਮਤ ਤੇ ਦਲੇਰੀ ਦਿਖਾਈ ਸੀ, ਪਰ ਇਸ ਵਾਰੀ ਸੱਤਾ ਸੰਭਾਲਣ ਤੋਂ ਬਾਅਦ ਹਜ਼ਾਰਾਂ ਕਰੋੜ ਦੇ ਸਿੰਚਾਈ ਵਿਭਾਗ ਤੇ ਮੰਡੀ ਬੋਰਡ ਦੇ ਘੁਟਾਲੇ ਸਾਹਮਣੇ ਆਏ ਤਾਂ ਇਨ੍ਹਾਂ ਕੇਸਾਂ 'ਚ ਗ੍ਰਿਫਤਾਰ ਸਿੰਚਾਈ ਵਿਭਾਗ ਦੇ ਠੇਕੇਦਾਰ ਗੁਰਿੰਦਰ ਸਿੰਘ ਅਤੇ ਮੰਡੀ ਬੋਰਡ ਦੇ ਨਿਗਰਾਨ ਇੰਜੀਨੀਅਰ ਵੱਲੋਂ ਕੀਤੇ ਗਏ ਖੁਲਾਸਿਆਂ ਉਪਰ ਕਿਉਂ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਲੋਕ ਪੁੱਛਦੇ ਹਨ ਕਿ ਇੱਕ ਠੇਕੇਦਾਰ ਤੇ ਇੰਜੀਨੀਅਰ ਹੀ ਇੰਨੇ ਵੱਡੇ ਘੋਟਾਲੇ ਕਰ ਗਏ, ਕੀ ਉਨ੍ਹਾਂ ਪਿੱਛੇ ਵੱਡੇ ਸਿਆਸਤਦਾਨਾਂ ਤੇ ਅਫਸਰਾਂ ਦਾ ਕੋਈ ਅਸ਼ੀਰਵਾਦ ਨਹੀਂ ਸੀ। ਉਨ੍ਹਾਂ ਕਿਹਾ ਹੈ ਕਿ ਉਕਤ ਦੋਵਾਂ ਦੋਸ਼ੀਆਂ ਨੇ ਪੁਛਗਿੱਛ ਦੌਰਾਨ ਵੱਡੇ ਲੋਕਾਂ ਬਾਰੇ ਅਹਿਮ ਖੁਲਾਸੇ ਕੀਤੇ ਤੇ ਕਈਆਂ ਦੇ ਨਾਂਅ ਵੀ ਲਏ ਸਨ, ਪਰ ਉਨ੍ਹਾਂ ਬਾਰੇ ਅੱਗੇ ਜਾਂਚ ਜਾਂ ਕਾਰਵਾਈ ਨਹੀਂ ਹੋਈ। ਉਨ੍ਹਾਂ ਪੁੱਛਿਆ ਹੈ ਕਿ ਉਕਤ ਖੁਲਾਸਿਆਂ ਬਾਰੇ ਵਿਜੀਲੈਂਸ ਨੇ ਠੇਕੇਦਾਰ ਤੇ ਇੰਜੀਨੀਅਰ ਦੇ ਬਿਆਨਾਂ ਦੀ ਕਦੇ ਪੁਸ਼ਟੀ ਨਹੀਂ ਕੀਤੀ ਗਈ ਤੇ ਨਾ ਜਾਂਚ ਅੱਗੇ ਤੋਰੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਰਕਾਰ ਅਤੇ ਪਾਰਟੀ ਦੀ ਵੱਡੀ ਬਦਨਾਮੀ ਹੋਈ ਹੈ।

ਇਸ ਦੇ ਨਾਲ ਹੀ ਪਰਗਟ ਸਿੰਘ ਨੇ ਸੰਗਰੂਰ ਦੇ ਤਤਕਾਲੀ ਐਸ ਐਸ ਪੀ ਨੂੰ ਸੌਂਪੀ ਫਿਰੌਤੀ ਕਾਂਡ ਦੀ ਜਾਂਚ ਅਤੇ ਫਰੀਦਕੋਟ ਦੇ ਇੱਕ ਪੁਲਸ ਅਫਸਰ ਵੱਲੋਂ ਇੱਕ ਗੈਂਗਸਟਰ ਦੀ ਮਾਤਾ ਤੋਂ 23 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਕੇਸ ਵਿਜੀਲੈਂਸ ਕੋਲ ਜਾਣ ਦਾ ਸਵਾਲ ਵੀ ਉਠਾਇਆ ਤੇ ਕਿਹਾ ਕਿ ਡਰੱਗ ਮਾਮਲੇ ਵਿੱਚ ਫੜੇ ਇੰਸਪੈਕਟਰ ਇੰਦਰਜੀਤ ਸਿੰਘ ਵਾਲੀ ਜਾਂਚ ਵੀ ਅੱਗੇ ਨਹੀਂ ਤੋਰੀ ਗਈ। ਉਨ੍ਹਾਂ ਇਹ ਵੀ ਲਿਖਿਆ ਕਿ ਮੈਂ ਸਿਆਸੀ ਬਦਲਾਖੋਰੀ ਦੇ ਹੱਕ ਵਿੱਚ ਨਹੀਂ, ਪਰ ਖਜ਼ਾਨਾ ਲੁੱਟਣ ਖਿਲਾਫ ਕਾਰਵਾਈ ਨੂੰ ਸਿਆਸੀ ਬਦਲਾਖੋਰੀ ਨਹੀਂ ਕਿਹਾ ਜਾ ਸਕਦਾ ਤੇ ਇਸ ਦਲੀਲ ਤਹਿਤ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ।

# ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਵਿੱਚੋਂ ਇਤਿਹਾਸ ਨਾਲ ਸੰਬੰਧਤ ਖੁਖਰੀ ਚੋਰੀ

ਲੁਧਿਆਣਾ, 17 ਫਰਵਰੀ, (ਪੋਸਟ ਬਿਊਰੋ)- ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ, ਜਿਹੜਾ ਜਲੰਧਰ ਰੋਡ ਉੱਤੇ ਹੈ, ਵਿਚ ਰੱਖੀ ਹੋਈ ਇੱਕ ਇਤਿਹਾਸਕ ਖੁਖਰੀ ਚੋਰੀ ਹੋ ਗਈ ਹੈ। ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਕਾਰ ਸਵਾਰ ਦੋ ਜਣਿਆਂ ਨੇ ਸਿਰਫ਼ 30 ਸੈਕੰਡ ਵਿਚ ਚੋਰੀ ਕੀਤੀ ਤੇ ਫ਼ਰਾਰ ਹੋ ਗਏ। ਹੈਰਾਨੀ ਦੀ ਗੱਲ ਹੈ ਕਿ ਪੁਲਿਸ ਨੇ 10 ਦਿਨਾਂ ਬਾਅਦ ਇਸ ਚੋਰੀ ਬਾਰੇ ਕੇਸ ਦਰਜ ਕੀਤਾ ਹੈ।

ਪੁਲਸ ਅਧਿਕਾਰੀ ਜਗਦੇਵ ਸਿੰਘ ਨੇ ਦੱਸਿਆ ਕਿ ਇਹ ਕੇਸ ਮਹਾਰਾਜਾ ਰਣਜੀਤ ਸਿੰਘ ਵਾਰ ਮਿਊਜ਼ੀਅਮ ਦੇ ਇੱਕ ਅਧਿਕਾਰੀ ਸੂਬੇਦਾਰ ਮੇਜਰ ਧਰਮਪਾਲ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਹੈ। ਧਰਮਪਾਲ ਨੇ ਦੱਸਿਆ ਹੈ ਕਿ ਛੇ ਫਰਵਰੀ ਦੁਪਹਿਰ ਬਾਅਦ ਲਗਪਗ 4 ਵਜੇ ਮਿਊਜ਼ੀਅਮ ਵਿਚ ਆਏ ਦੋ ਲੋਕ ਏਥੇ ਇਤਿਹਾਸਕ ਗੈਲਰੀ ਵਿਚ ਪਈ ਖੁਖਰੀ ਚੋਰੀ ਕਰ ਕੇ ਲੈ ਗਏ ਸਨ। ਇਸ ਦਾ ਪਤਾ ਸ਼ਾਮ ਪੰਜ ਵਜੇ ਮਿਊਜ਼ੀਅਮ ਬੰਦ ਹੋਣ ਤੋਂ ਪਹਿਲਾ ਚੈੱਕ ਕਰਨ ਵੇਲੇ ਲੱਗਾ ਸੀ। ਬਾਅਦ ਵਿੱਚ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖਣ ਤੋਂ ਪਤਾ ਲੱਗਾ ਕਿ 3.58 ਵਜੇ ਕਾਰ ਵਿਚ ਸਵਾਰ ਦੋ ਜਣੇ ਆਏ ਤੇ ਸਿੱਧੇ ਓਸੇ ਥਾਂ ਗਏ, ਜਿਥੇ ਖੁਖਰੀ ਰੱਖੀ ਸੀ ਤੇ ਉਸ ਨੂੰ ਚੋਰੀ ਕਰ ਕੇ 30 ਸੈਕਿੰਡ ਵਿਚ ਨਿਕਲ ਗਏ। ਇਸ ਪਿੱਛੋਂ ਦੋ ਦਿਨ ਦੋ ਦਿਨ ਮਿਊਜ਼ੀਅਮ ਦੇ ਪ੍ਰਬੰਧਕ ਆਪਣੇ ਤੌਰ ਉੱਤੇ ਜਾਂਚ ਕਰਦੇ ਰਹੇ, ਪਰ ਪਤਾ ਨਾ ਲੱਗਣ ਉੱਤੇ ਅੱਠ ਫਰਵਰੀ ਨੂੰ ਪੁਲਿਸ ਨੂੰ ਸ਼ਿਕਾਇਤ ਦਿੱਤੀ ਸੀ। ਇਸ ਪਿੱਛੋਂ ਪੁਲਸ ਜਾਂਚ ਵਿੱਚ ਦੇਰੀ ਬਾਰੇ ਇੰਸਪੈਕਟਰ ਕੰਵਲਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਆਉਣ ਪਿੱਛੋਂ ਪੁਲਿਸ ਦੀ ਜਾਂਚ ਕਾਰਨ ਦੇਰੀ ਨਾਲ ਕੇਸ ਦਰਜ ਕੀਤਾ ਗਿਆ।

## ਸੋਨਾ ਡਬਲ ਕਰਨ ਦਾ ਕਹਿ ਕੇ ਅੱਠ ਤੋਲੇ ਸੋਨੇ ਦਾ ਕੰਗਣ ਲੁੱਟ ਕੇ ਤੁਰਦੀ ਬਣੀ




ਜਲੰਧਰ, 17 ਫਰਵਰੀ (ਪੋਸਟ ਬਿਊਰੋ)- ਸਾਧੂ ਦੇ ਭੇਸ ਵਿੱਚ ਠੱਗ ਨੇ ਆਪਣੇ ਤਿੰਨ ਸਾਥੀਆਂ ਦੇ ਨਾਲ ਮਿਲ ਕੇ ਗੋਪਾਲ ਨਗਰ ਦੀ ਮਹਿਲਾ ਨੀਲਮ ਦੇ ਚਾਰ-ਚਾਰ ਤੋਲੇ ਦੇ ਦੋ ਸੋਨੇ ਦੇ ਕੰਗਣ ਲੁੱਟ ਲਏ।

ਪਤਾ ਲੱਗਾ ਹੈ ਕਿ ਸੋਨੇ ਦੇ ਕੰਗਣ ਲੈ ਕੇ ਠੱਗ ਨੇ ਮਹਿਲਾ ਦੇ ਰੁਮਾਲ ਵਿੱਚ ਬੱਜਰੀ ਪਾ ਕੇ ਕਿਹਾ, ਇਸ ਨੂੰ ਇਥੇ ਨਹੀਂ, ਆਪਣੇ ਘਰ ਜਾ ਕੇ ਮੰਦਰ ਵਿੱਚ ਖੋਲ੍ਹ ਕੇ ਦੇਖਣਾ, ਖੂਬ ਕਿਰਪਾ ਹੋਵੇਗੀ। ਠੱਗ ਦੀਆਂ ਗੱਲਾਂ ਵਿੱਚ ਆਈ ਮਹਿਲਾ ਨੇ ਘਰ ਪਹੁੰਚ ਕੇ ਰੁਮਾਲ ਦੇਖਿਆ ਤਾਂ ਉਸ ਵਿੱਚ ਬਜਰੀ ਅਤੇ ਅਖਬਾਰੀ ਕਾਗਜ਼ ਦੇ ਟੁੱਕੜੇ ਸਨ। ਨੀਲਮ ਨੇ ਥਾਣਾ ਦੋ ਦੀ ਪੁਲਸ ਨੂੰ ਸ਼ਿਕਾਇਤ ਕੀਤੀ ਹੈ। ਇਹ ਮਾਮਲਾ ਵਰਕਸ਼ਾਪ ਚੌਕ ਦੇ ਨੇੜੇ ਸ਼ਨੀਵਾਰ ਦੁਪਹਿਰ ਦਾ ਹੈ। ਨੀਲਮ ਨੇ ਪੁਲਸ ਨੂੰ ਦੱਸਿਆ ਕਿ ਉਹ ਵਰਕਸ਼ਾਪ ਚੌਕ ਦੇ ਨੇੜੇ ਆਟੋ 'ਚੋਂ ਉਤਰ ਕੇ ਘਰ ਜਾ ਰਹੀ ਸੀ। ਇੰਨੇ ਵਿੱਚ ਉਨ੍ਹਾਂ ਦੇ ਕੋਲ ਇੱਕ ਸਾਧੂ ਆਇਆ। ਉਸ ਨੇ ਹਲਕਾ ਸੰਤਰੀ ਰੰਗ ਦਾ ਚੋਲਾ ਪਾਇਆ ਹੋਇਆ ਸੀ। ਕੋਲ ਆ ਕੇ ਉਸ ਨੇ ਕਿਹਾ ਕਿ ਰਾਧਾ ਸਵਾਮੀ ਆਸ਼ਰਮ ਜਾਣਾ ਹੈ, ਰਸਤਾ ਦੱਸ ਦਿਓ। ਨੀਲਮ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ। ਇੰਨੇ ਵਿੱਚ ਬਾਈਕ ਉਤੇ ਦੋ ਨੌਜਵਾਨ ਆਏ ਅਤੇ ਕਹਿਣ ਲੱਗੇ ਕਿ ਇਹ ਬਾਬਾ ਬੜਾ ਪਹੁੰਚਿਆ ਹੋਇਆ ਸੰਤ ਹੈ। ਉਸ ਨੇ ਤੁਹਾਡੇ ਨਾਲ ਖੁਦ ਆ ਕੇ ਗੱਲ ਕੀਤੀ ਹੈ। ਤੁਸੀਂ ਤਾਂ ਖੁਸ਼ਕਿਸਮਤ ਹੋ। ਨੀਲਮ ਉਨ੍ਹਾਂ ਦੀਆਂ ਗੱਲਾਂ ਵਿੱਚ ਆ ਕੇ ਦੋਵਾਂ ਨਾਲ ਦੋਸ਼ੀ ਬਾਬੇ ਕੋਲ ਚਲੀ ਗਈ। ਦੋਸ਼ੀ ਬਾਬਾ ਦਾ ਗੁਣਗਾਨ ਕਰ ਕੇ ਨੀਲਮ ਨੂੰ ਆਪਣੀਆਂ ਗੱਲਾਂ ਵਿੱਚ ਲਾਉਣ ਲੱਗੇ। ਇੰਨੇ ਵਿੱਚ ਬਾਬਾ ਨੇ ਥੈਲੇ ਵਿੱਚੋਂ ਰੁਮਾਲ ਕੱਢਿਆ ਅਤੇ ਨੀਲਮ ਨੂੰ ਕੋਈ ਸੋਨੇ ਦੀ ਚੀਜ਼ ਰੱਖਣ ਲਈ ਕਿਹਾ। ਨੀਲਮ ਨੇ ਮਨ੍ਹਾ ਕੀਤਾ ਤਾਂ ਠੱਗ ਦੇ ਸਾਥੀਆਂ ਨੇ ਦਬਾਅ ਪਾਉਂਦੇ ਹੋਏ ਕਿਹਾ, ਰੱਖ ਦਿਓ ਅਜੇ ਦੋ ਹਨ, ਬਾਬਾ ਦੇ ਅਸ਼ੀਰਵਾਦ ਨਾਲ ਚਾਰ ਹੋ ਜਾਣਗੇ। ਨੀਲਮ ਨੇ ਸੋਨੇ ਦੇ ਕੰਗਣ ਰੁਮਾਲ ਵਿੱਚ ਰੱਖ ਦਿੱਤੇ। ਠੱਗ ਨੇ ਰੁਮਾਲ ਵਿੱਚ ਅਖਬਾਰ ਦੇ ਪਾਟੇ ਹੋਏ ਟੁਕੜੇ ਪਾ ਦਿੱਤੇ। ਨੀਲਮ ਰੁਮਾਲ ਖੋਲ੍ਹ ਕੇ ਦੇਖਣ ਲੱਗੀ ਤਾਂ ਠੱਗ ਨੇ ਕਿਹਾ, ਰੁਮਾਲ ਘਰ ਦੇ ਮੰਦਰ ਵਿੱਚ ਹੀ ਖੋਲ੍ਹਣਾ, ਕੋਈ ਕਮੀ ਨਹੀਂ ਰਹੇਗੀ। ਨੀਲਮ ਉਸ ਦੀਆਂ ਗੱਲਾਂ ਵਿੱਚ ਆ ਗਈ ਅਤੇ ਘਰ ਆ ਕੇ ਰੁਮਾਲ ਖੋਲ੍ਹਿਆ ਤਾਂ ਉਸ ਵਿੱਚ ਬਜਰੀ-ਪੱਥਰ ਸਨ।

## ਦੋ ਟਰੱਕਾਂ ਦੇ ਵਿਚਾਲੇ ਬਾਈਕ ਫਸਣ ਕਾਰਨ ਦੋ ਸਵਾਰਾਂ ਦੀ ਮੌਤ

ਡਬਵਾਲੀ, 17 ਫਰਵਰੀ (ਪੋਸਟ ਬਿਊਰੋ)- ਨੈਸ਼ਨਲ ਹਾਈਵੇ ਉੱਤੇ ਕੱਲ੍ਹ ਸ਼ਾਮ ਪਿੰਡ ਅਬੂਬ ਸ਼ਹਿਰ ਦੇ ਨੇੜੇ ਦੋ ਟਰੱਕਾਂ ਦੇ ਵਿਚ ਆਈ ਬਾਈਕ ਦੇ ਦੋਵਾਂ ਸਵਾਰਾਂ ਦੀ ਮੌਤ ਹੋ ਗਈ। ਦੋਵਾਂ ਦੀ ਪਛਾਣ ਪੰਜਾਬ ਦੇ ਪਿੰਡ ਸੇਰਪੁਰਾ ਜ਼ਿਲਾ ਬਠਿੰਡਾ ਨਾਇਬ ਸਿੰਘ ਅਤੇ ਦੂਸਰਾ ਪਿੰਡ ਪੱਕਾ ਕਲਾਂ ਦੇ ਮੰਗਲ ਸਿੰਘ ਦੇ ਤੌਰ 'ਤੇ ਹੋਈ ਹੈ। ਪਤਾ ਲੱਗਾ ਹੈ ਕਿ ਨੈਸ਼ਨਲ ਹਾਈਵੇ ਉੱਤੇ ਸੁਖੇਰਾ ਖੇੜਾ ਮੋੜ ਨੇੜੇ ਟਰੱਕਾਂ ਦੇ ਵਿਚਾਲੇ ਚੱਲਦੇ ਬਾਈਕ ਨੂੰ ਦੋਵਾਂ ਨੇ ਲਪੇਟ ਵਿੱਚ ਲਾ ਲਿਆ, ਜਿਸ ਕਾਰਨ ਦੋਵਾਂ ਬਾਈਕ ਸਵਾਰਾਂ ਦੀ ਪਿਛਲੇ ਟਰੱਕ ਨਾਲ ਵੱਜ ਜਾਣ ਕਾਰਨ ਮੌਤ ਹੋ ਗਈ। ਇਸ ਹਾਦਸੇ ਦੇ ਬਾਅਦ ਇੱਕ ਡਰਾਈਵਰ ਟਰੱਕ ਸਮੇਤ ਤੇ ਦੂਸਰਾ ਟਰੱਕ ਘਟਨਾ ਵਾਲੀ ਜਗ੍ਹਾ ਛੱਡ ਕੇ ਫਰਾਰ ਹੋ ਗਿਆ। ਇਸ ਪਿੱਛੋਂ ਪਹੁੰਚੀ ਚੌਟਾਲਾ ਥਾਣੇ ਦੀ ਪੁਲਸ ਨੇ ਲਾਸ਼ਾਂ ਨੂੰ ਹਸਪਤਾਲ ਪਹੁੰਚਾਇਆ। ਓਥੇ ਪਹੁੰਚੇ ਸਦਰ ਥਾਣਾ ਇੰਚਾਰਜ ਨੇ ਦੱਸਿਆ ਕਿ ਦੋਸ਼ੀ ਟਰੱਕ ਚਾਲਕਾਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਆਸਪਾਸ ਦੇ ਕਿਸਾਨਾਂ ਤੇ ਵਾਹਨ ਚਾਲਕਾਂ ਨੇ ਦੱਸਿਆ ਕਿ ਨੈਸ਼ਨਲ ਹਾਈਵੇ ਕਿਤੇ-ਕਿਤੇ ਤੰਗ ਅਤੇ ਟੁੱਟਾ ਹੋਇਆ ਹੋਣ ਕਾਰਨ ਰੋਜ਼ ਹਾਦਸੇ ਹੋ ਰਹੇ ਹਨ, ਜਿਸ ਵਿੱਚ ਲੋਕਾਂ ਦੀਆਂ ਜਾਨਾਂ ਜਾ ਰਹੀਆਂ ਹਨ, ਪਰ ਵਿਭਾਗੀ ਅਧਿਕਾਰੀ ਰੋਡ ਦੀ ਸੁਧ ਤੱਕ ਨਹੀਂ ਲੈ ਰਿਹਾ।

# ਹੌਲਦਾਰ ਨੇ ਪਤਨੀ ਸਮੇਤ ਸਹੁਰੇ ਪਰਿਵਾਰ ਦੇ ਚਾਰ ਜੀਆਂ ਨੂੰ ਗੋਲੀ ਮਾਰ ਕੇ ਮਾਰਿਆ





ਮੋਗਾ, 17 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਸੈਦਪੁਰ ਜਲਾਲ 'ਚ ਪੰਜਾਬ ਪੁਲਸ ਦੇ ਹੌਲਦਾਰ ਨੇ ਕੱਲ੍ਹ ਆਪਣੀ ਪਤਨੀ ਸਣੇ ਸਹੁਰੇ ਪਰਵਾਰ ਦੇ ਚਾਰ ਜੀਆਂ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਦੋਸ਼ੀ ਕੁਲਵਿੰਦਰ ਸਿੰਘ ਨੇ ਵਾਰਦਾਤ ਲਈ ਆਪਣੀ ਸਰਕਾਰੀ ਏ ਕੇ 47 ਰਾਈਫਲ ਵਰਤੀ ਸੀ। ਮ੍ਰਿਤਕਾਂ ਵਿੱਚ ਉਸ ਦੀ ਪਤਨੀ ਤੋਂ ਇਲਾਵਾ ਉਸ ਦੀ ਸੱਸ, ਸਾਲਾ ਤੇ ਸਾਲੇਹਾਰ ਸ਼ਾਮਲ ਸਨ। ਦੋਸ਼ੀ ਸਥਾਨਕ ਪੁਲਸ ਲਾਈਨ ਵਿੱਚ ਦੰਗਾ ਰੋਕੂ ਟੀਮ 'ਚ ਤੈਨਾਤ ਹੈ। ਮ੍ਰਿਤਕ ਜੋੜੇ ਦੀ 10 ਸਾਲਾ ਬੱਚੀ ਗੋਲੀ ਲੱਗਣ ਨਾਲ ਜ਼ਖਮੀ ਹੋ ਗਈ। ਹੌਲਦਾਰ ਨੇ ਆਤਮ ਸਮਰਪਣ ਵੀ ਕਰ ਦਿੱਤਾ ਹੈ।

ਪਤਾ ਲੱਗਾ ਹੈ ਕਿ ਦੋਸ਼ੀ ਹੌਲਦਾਰ ਦਾ ਸਹੁਰਾ ਪਰਵਾਰ ਨਾਲ ਸੂਰ ਫਾਰਮਿੰਗ ਦਾ ਸਾਂਝਾ ਕਾਰੋਬਾਰ ਸੀ ਤੇ ਪੈਸਿਆਂ ਦੇ ਲੈਣ-ਦੇਣ ਦੇ ਝਗੜੇ ਕਾਰਨ ਉਸ ਨੇ ਇਹ ਕਤਲ ਕੀਤੇ ਹਨ। ਦੋਸ਼ੀ ਕੁਲਵਿੰਦਰ ਸਿੰਘ ਪਿੰਡ ਲੱਲੇ ਬੂਹ (ਮੱਖੂ) ਦਾ ਰਹਿਣ ਵਾਲਾ ਹੈ ਤੇ ਪੁਲਸ ਲਾਈਨ ਸਾਹਮਣੇ ਮੁਹੱਲੇ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ। ਪਹਿਲੀ ਪਤਨੀ ਦੀ ਮੌਤ ਹੋਣ ਕਾਰਨ ਉਸ ਨੇ ਰਾਜਵਿੰਦਰ ਕੌਰ ਨਾਲ ਕਰੀਬ 25 ਸਾਲ ਪਹਿਲਾਂ ਦੂਜਾ ਵਿਆਹ ਕਰਾਇਆ ਸੀ। ਉਨ੍ਹਾਂ ਦਾ ਇੱਕ ਪੁੱਤਰ ਹੈ ਅਤੇ ਪਹਿਲੇ ਵਿਆਹ ਦੇ ਦੋ ਬੱਚਿਆਂ ਵਿੱਚੋਂ ਲੜਕੀ ਵਿਆਹੀ ਹੋਈ ਹੈ। ਉਹ ਕੱਲ੍ਹ ਤੜਕੇ ਪੁਲਸ ਲਾਈਨ 'ਚੋਂ ਡਿਊਟੀ 'ਤੇ ਜਾਣ ਦਾ ਬਹਾਨਾ ਬਣਾ ਕੇ ਸਰਕਾਰੀ ਏ ਕੇ 47 ਰਾਈਫਲ ਲੈ ਕੇ ਸਤਲੁਜ ਦਰਿਆ ਨੇੜੇ ਆਪਣੇ ਸਹੁਰੇ ਪਿੰਡ ਸੈਦਪੁਰ ਜਲਾਲ ਪਹੁੰਚ ਗਿਆ ਤੇ ਸੁੱਤੇ ਪਏ ਪਰਵਾਰ ਉਤੇ ਏ ਕੇ 47 ਨਾਲ ਫਾਇਰ ਕਰ ਕੇ ਆਪਣੀ ਪਤਨੀ ਰਾਜਵਿੰਦਰ ਕੌਰ (45), ਸਾਲੇ ਜਸਕਰਨ ਸਿੰਘ (40), ਸਾਲੇਹਾਰ ਇੰਦਰਜੀਤ ਕੌਰ (32) ਨੂੰ ਮਾਰ ਦਿਤਾ, ਜਦ ਕਿ ਸੱਸ ਸੁਖਵਿੰਦਰ ਕੌਰ (65) ਦੀ ਸਥਾਨਕ ਸਿਵਲ ਹਸਪਤਾਲ ਵਿੱਚ ਇਲਾਜ ਦੌਰਾਨ ਮੌਤ ਹੋ ਗਈ। ਜ਼ਖਮੀ 10 ਸਾਲਾ ਬੱਚੀ ਜਸ਼ਨਪ੍ਰੀਤ ਕੌਰ ਹਸਪਤਾਲ ਵਿੱਚ ਦਾਖਲ ਹੈ। ਪਿੰਡ ਦੇ ਲੋਕਾਂ ਮੁਤਾਬਕ ਦੋਸ਼ੀ ਨੇ ਵਾਰਦਾਤ ਮਗਰੋਂ ਕੋਠੇ ਦੀ ਛੱਤ 'ਤੇ ਚੜ੍ਹ ਕੇ ਲਲਕਾਰੇ ਵੀ ਮਾਰੇ। ਲੋਕਾਂ ਨੇ ਦੱਸਿਆ ਕਿ ਹੌਲਦਾਰ ਦਾ ਆਪਣੀ ਪਤਨੀ ਨਾਲ ਘਰੇਲੂ ਕਲੇਸ਼ ਰਹਿੰਦਾ ਸੀ। ਸ਼ਨੀਵਾਰ ਝਗੜਾ ਕਰ ਕੇ ਉਹ ਪੇਕੇ ਚਲੀ ਗਈ ਸੀ। ਉਨ੍ਹਾਂ ਥਾਣਾ ਧਰਮਕੋਟ 'ਚ ਹੌਲਦਾਰ ਖਿਲਾਫ ਸ਼ਿਕਾਇਤ ਵੀ ਦਿੱਤੀ ਸੀ, ਪਰ ਕੋਈ ਕਾਰਵਾਈ ਨਹੀਂ ਹੋਈ। ਐੱਸ ਐੱਸ ਪੀ ਹਰਮਨਬੀਰ ਸਿੰਘ ਗਿੱਲ ਵੀ ਮੌਕੇ 'ਤੇ ਪੁੱਜੇ। ਦੋਸ਼ੀ ਦੇ ਸਹੁਰੇ ਬੋਹੜ ਸਿੰਘ ਦੇ ਬਿਆਨਾਂ 'ਤੇ ਹੌਲਦਾਰ ਦੇ ਖਿਲਾਫ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਦੋਸ਼ੀ ਹੌਲਦਾਰ ਕੁਲਵਿੰਦਰ ਸਿੰਘ ਪੰਜ ਸਾਲ ਪਹਿਲਾਂ ਪੁਲਸ ਲਾਈਨ 'ਚ ਮਾਲਖਾਨਾ (ਕੋਤ) ਦਾ ਇੰਚਾਰਜ ਸੀ ਤਾਂ ਉਥੋਂ ਸਰਕਾਰੀ ਏ ਕੇ 47 ਰਾਈਫਲ ਅਤੇ ਨੌਂ ਐੱਮ ਐੱਮ ਦਾ ਪਿਸਤੌਲ ਦੀਵਾਲੀ ਦੀ ਰਾਤ ਨੂੰ ਉਸ ਨੇ ਘਰ ਲਿਜਾ ਕੇ ਰਾਈਫਲ ਨਾਲ 75 ਰਾਊਂਡ ਫਾਇਰਿੰਗ ਵੀ ਕੀਤੀ ਸੀ।

## ਟਰੈਕਟਰ ਟਰਾਲੀ ਦੀ ਟੱਕਰ ਨਾਲ ਇਲੈਕਟ੍ਰੀਸ਼ਨ ਦੀ ਮੌਤ

ਜਲੰਧਰ, 17 ਫਰਵਰੀ (ਪੋਸਟ ਬਿਊਰੋ)- ਲੰਮਾ ਪਿੰਡ ਚੌਕ ਤੋਂ ਮੋਟਰ ਸਾਈਕਲ 'ਤੇ ਆਪਣੇ ਪੁੱਤਰ ਨਾਲ ਨੂਰਪੁਰ ਜਾ ਰਹੇ ਇਲੈਕਟ੍ਰੀਸ਼ਨ ਨੂੰ ਟਰੈਕਟਰ ਟਰਾਲੀ ਨੇ ਟੱਕਰ ਮਾਰ ਦਿੱਤੀ ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ ਤੇ ਉਸ ਦੇ ਪੁੱਤਰ ਦੀ ਲੱਤ ਟੁੱਟ ਗਈ। ਟੱਕਰ ਮਾਰਨ ਤੋਂ ਬਾਅਦ ਟਰੈਕਟਰ ਟਰਾਲੀ ਚਾਲਕ ਫਰਾਰ ਹੋ ਗਿਆ।

ਮਿਲੀ ਜਾਣਕਾਰੀ ਅਨੁਸਾਰ ਸੁਖਵਿੰਦਰ ਸਿੰਘ ਵਾਸੀ ਨੂਰਪੁਰ ਇਲੈਕਟ੍ਰੀਸ਼ਨ ਸੀ ਅਤੇ ਉਸ ਦੀ ਲੰਮਾ ਪਿੰਡ ਚੌਕ ਵਿੱਚ ਦੁਕਾਨ ਹੈ। ਉਹ ਸ਼ਨੀਵਾਰ ਰਾਤ ਦੁਕਾਨ ਬੰਦ ਕਰ ਕੇ ਆਪਣੇ ਪੁੱਤਰ ਗੁਰਚਰਨ ਸਿੰਘ (14) ਨਾਲ ਮੋਟਰ ਸਾਈਕਲ 'ਤੇ ਨੂਰਪੁਰ ਜਾ ਰਿਹਾ ਸੀ। ਜਦ ਉਹ ਲੰਮਾ ਪਿੰਡ ਤੋਂ ਥੋੜ੍ਹੀ ਦੂਰ ਪੁੱਜਾ ਤਾਂ ਪਿੱਛੋਂ ਆਈ ਤੇਜ਼ ਰਫਤਾਰ ਟਰੈਕਟਰ ਟਰਾਲੀ ਨੇ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਸੜਕ ਦੇ ਵਿਚਾਲੇ ਡਿੱਗ ਪਿਆ ਤੇ ਗੁਰਚਰਨ ਸਿੰਘ ਸਾਈਡ 'ਤੇ ਡਿੱਗ ਪਿਆ। ਸੁਖਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਅਤੇ ਗੁਰਚਰਨ ਸਿੰਘ ਜ਼ਖਮੀ ਹੋ ਗਿਆ। ਜ਼ਖਮੀ ਹਾਲਤ ਵਿੱਚ ਜਦ ਉਸ ਨੇ ਆਪਣੇ ਪਿਤਾ ਨੂੰ ਲਹੂ ਲੁਹਾਨ ਦੇਖਿਆ ਤਾਂ ਉਸ ਨੇ ਉਥੋਂ ਲੰਘਦੇ ਕਈ ਲੋਕਾਂ ਦੀਆਂ ਮਿੰਨਤਾਂ ਕੀਤੀਆਂ ਕਿ ਉਸ ਦੇ ਪਿਤਾ ਨੂੰ ਹਸਪਤਾਲ ਪਹੁੰਚਾ ਦਿਓ, ਪਰ ਲੋਕਾਂ ਨੇ ਮਦਦ ਕਰਨ ਦੀ ਥਾਂ ਮੋਬਾਈਲ ਤੇ ਵੀਡੀਓ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਕਿਸੇ ਨੇ ਵੀ ਸੁਖਵਿੰਦਰ ਸਿੰਘ ਦੀ ਮਦਦ ਨਹੀਂ ਕੀਤੀ। ਕਰੀਬ ਇੱਕ ਘੰਟਾ ਬਾਅਦ ਕਿਸੇ ਨੇ ਐਂਬੂਲੈਂਸ ਅਤੇ ਥਾਣੇ ਫੋਨ ਕੀਤਾ ਤਾਂ ਐਂਬੂਲੈਂਸ ਪਹੁੰਚੀ ਤੇ ਸੁਖਵਿੰਦਰ ਸਿੰਘ ਨੂੰ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਮੁਖੀ ਸੁਖਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਟਰੈਕਟਰ ਟਰਾਲੀ ਦੇ ਡਰਾਈਵਰ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਅਤੇ ਘਟਨਾ ਵਾਲੀ ਥਾਂ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਜਾ ਰਹੀ ਹੈ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224




# ਦਿੱਲੀ ਦੰਗਾ ਕੇਸ ਵਿਚ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੇਣ ਤੋਂ ਨਾਂਹ



ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸੱਜਣ ਕੁਮਾਰ ਨੂੰ ਅੰਤ੍ਰਿਮ ਜ਼ਮਾਨਤ ਦੇਣ ਦੋ ਨਾਂਹ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਸੱਜਣ ਕੁਮਾਰ ਦੀ ਜ਼ਮਾਨਤ ਅਰਜ਼ੀ ਗਰਮੀਆਂ ਦੀਆਂ ਛੁੱਟੀਆਂ 'ਚ ਸੁਣੀ ਜਾਵੇਗੀ।

ਚੀਫ਼ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਅਦਾਲਤ ਸੱਜਣ ਕੁਮਾਰ ਦੀ ਸਿਹਤ ਬਾਰੇ ਏਮਜ਼ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਦੀ ਮੈਡੀਕਲ ਰਿਪੋਰਰਟ ਨੂੰ ਸ਼ਬਰੀਮਾਲਾ ਕੇਸ ਵਿੱਚ ਸੁਣਵਾਈ ਪੂਰੀ ਹੋਣ ਦੇ ਬਾਅਦ ਦੇਖੇਗੀ। ਬੈਂਚ ਵਿੱਚ ਜਸਟਿਸ ਬੀ ਆਰ ਗਵਾਈ ਤੇ ਜਸਟਿਸ ਸੂਰੀਆ ਕਾਂਤ ਸ਼ਾਮਲ ਸਨ। ਸੱਜਣ ਕੁਮਾਰ ਨੂੰ ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ ਵਿੱਚ ਪੰਜ ਸਿੱਖਾਂ ਦੇ ਕਤਲ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ 17 ਦਸੰਬਰ 2018 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਹ ਘਟਨਾ ਪਹਿਲੀ ਅਤੇ 2 ਨਵੰਬਰ 1984 ਦੀ ਹੈ। ਇੱਕ ਮਾਮਲਾ ਰਾਜ ਨਗਰ ਦੇ ਗੁਰਦੁਆਰੇ ਨੂੰ ਅੱਗ ਲਾਉਣ ਨਾਲ ਵੀ ਜੁੜਿਆ ਹੋਇਆ ਹੈ। ਬੈਂਚ ਨੇ ਸੁਣਵਾਈ ਵੇਲੇ ਕਿਹਾ ਕਿ ਕਈ ਕੇਸ ਹਨ, ਪਰ ਇਹ ਕੇਸ ਵੱਖਰਾ ਹੈ ਅਤੇ ਸੱਜਣ ਕੁਮਾਰ ਹਾਈ ਕੋਰਟ ਦੋਸ਼ੀ ਠਹਿਰਾ ਚੁੱਕਾ ਹੈ, ਇਸ ਕੇਸ ਬਾਰੇ ਗਰਮੀਆਂ ਦੀਆਂ ਛੁੱਟੀਆਂ ਪਿੱਛੋਂ ਵਿਸਥਾਰ 'ਚ ਬਹਿਸ ਹੋਵੇਗੀ। ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਸੱਜਣ ਕੁਮਾਰ ਪਹਿਲਾਂ ਸੁਣਵਾਈ ਦੌਰਾਨ ਜ਼ਮਾਨਤ 'ਤੇ ਹੀ ਰਹੇ ਹਨ। ਹੇਠਲੀ ਅਦਾਲਤ ਨੇ ਉਸ ਨੂੰ ਬਰੀ ਕਰ ਦਿੱਤਾ ਸੀ, ਪਰ ਹਾਈ ਕੋਰਟ ਨੇ ਫ਼ੈਸਲਾ ਪਲਟਾ ਦਿੱਤਾ। ਵਕੀਲ ਨੇ ਦੋਸ਼ੀ ਦੀ ਸਿਹਤ ਦਾ ਹਵਾਲੇ ਨਾਲ ਕਿਹਾ ਕਿ ਉਸ ਦਾ ਭਾਰ 67 ਕਿਲੋਗ੍ਰਾਮ ਸੀ ਤੇ ਪਿਛਲੇ 13 ਮਹੀਨਿਆਂ 'ਚ 13 ਕਿਲੋਗ੍ਰਾਮ ਘਟ ਗਿਆ ਹੈ। ਉਨ੍ਹਾਂ ਕਿਹਾ ਕਿ ਜੇ ਸੱਜਣ ਕੁਮਾਰ ਨੂੰ ਕੁਝ ਹੋ ਗਿਆ ਤਾਂ ਕੌਣ ਜ਼ਿੰਮੇਵਾਰ ਹੋਵੇਗਾ? ਦੰਗਾ ਪੀੜਤਾਂ ਦੇ ਸੀਨੀਅਰ ਵਕੀਲ ਦੁਸ਼ਯੰਤ ਦਵੇ ਨੇ ਅਮਰੀਕਾ 'ਚ 9/11 ਦੇ ਹਮਲਿਆਂ ਮਗਰੋਂ ਵਾਪਰੇ ਨਫ਼ਰਤੀ ਅਪਰਾਧ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਦੋ ਦੋਸ਼ੀਆਂ ਨੂੰ ਛੇ ਮਹੀਨਿਆਂ ਵਿੱਚ ਮੌਤ ਦੀ ਸਜ਼ਾ ਮਿਲੀ ਤੇ ਸਜ਼ਾ ਘਟਾਉਣ ਦੀ ਅਪੀਲ ਵੀ ਰੱਦ ਕੀਤੀ ਗਈ ਸੀ। ਦਵੇ ਨੇ ਕਿਹਾ ਕਿ ਦਿੱਲੀ 'ਚ ਸਿੱਖ ਵਿਰੋਧੀ ਦੰਗਿਆ ਵਿੱਚ 4,000 ਲੋਕ ਮਾਰੇ ਗਏ ਤੇ ਇੱਕ ਪਾਰਲੀਮੈਂਟ ਮੈਂਬਰ ਦੀ ਸ਼ਮੂਲੀਅਤ ਸੀ।

## ਸ਼ਾਹੀਨ ਬਾਗ ਮਾਮਲ:

# ਅਮਿਤ ਸ਼ਾਹ ਦੇ ਘਰ ਵੱਲ ਜਾਂਦੇ ਪ੍ਰਦਰਸ਼ਨਕਾਰੀਆਂ ਨੂੰ ਪੁਲਸ ਨੇ ਅੱਗੋਂ ਰੋਕ ਲਿਆ



ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲਣ ਜਾ ਰਹੇ ਪ੍ਰਦਰਸ਼ਨਕਾਰੀ ਦਿੱਲੀ ਪੁਲਿਸ ਨਾਲ ਗੱਲਬਾਤ ਤੋਂ ਬਾਅਦ ਇੱਕ ਵਾਰ ਵਾਪਸ ਪਰਤ ਗਏ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਉਹ ਲੋਕ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਅਤੇ ਐੱਨ ਆਰ ਸੀ ਦੇ ਵਿਰੋਧ ਵਿੱਚ ਪੈਦਲ ਮਾਰਚ ਕਰਦੇ ਹੋਏ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਘਰ ਵੱਲ ਜਾ ਰਹੇ ਸਨ। ਉਨ੍ਹਾਂ ਨੂੰ ਰੋਕਣ ਲਈ ਸ਼ਾਹੀਨ ਬਾਗ ਇਲਾਕੇ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਅਤੇ ਪੈਰਾ ਮਿਲਟਰੀ ਫੋਰਸ ਤਾਇਨਾਤ ਕਰ ਦਿੱਤੀ ਗਈ ਸੀ। ਇਸ ਮੌਕੇ ਓਥੇ ਮੌਜੂਦ ਦਿੱਲੀ ਪੁਲਸ ਦੇ ਜਾਇੰਟ ਕਮਿਸ਼ਨਰ ਦੇਵੇਸ਼ ਚੰਦਰ ਸ੍ਰੀਵਾਸਤਵ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਕਿਸੇ ਵੀ ਸੂਰਤ ਵਿੱਚ ਅੱਗੇ ਨਹੀਂ ਜਾਣ ਦਿੱਤਾ ਜਾਵੇਗਾ। ਪਹਿਲਾਂ ਦਿੱਲੀ ਪੁਲਿਸ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਅਸੀਂ



ਪ੍ਰਦਰਸ਼ਨਕਾਰੀਆਂ ਨੂੰ ਪੁੱਛਿਆ ਹੈ ਕਿ ਉਹ ਆਪਣੇ ਵਫ਼ਦ ਦੇ ਲੋਕਾਂ ਬਾਰੇ ਸਾਨੂੰ ਦੱਸਣ, ਜਿਹੜੇ ਗ੍ਰਹਿ ਮੰਤਰੀ ਨੂੰ ਮਿਲਣਾ ਚਾਹੁੰਦੇ ਹਨ ਤਾਂ ਜੋ ਬੈਠਕ ਦੀ ਯੋਜਨਾ ਬਣਾ ਸਕੀਏ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਉਹ ਸਾਰੇ ਮਿਲਣਾ ਚਾਹੁੰਦੇ ਹਨ। ਇਸ ਦੇ ਬਾਅਦ ਦਿੱਲੀ ਪੁਲਸ ਨੇ ਇਨਕਾਰ ਕਰ ਦਿੱਤਾ ਸੀ ਤੇ ਹਾਲਤ ਟਕਰਾਅ ਵਾਲੀ ਬਣ ਗਈ ਸੀ।

# ਮਨਜੀਤ ਸਿੰਘ ਜੀ ਕੇ ਦਿੱਲੀ ਗੁਰਦੁਆਰਾ ਕਮੇਟੀ ਤੋਂ ਬਰਖਾਸਤ ਕਰ ਦਿੱਤਾ ਗਿਆ

## * ਜੀ ਕੇ ਕਹਿੰਦਾ: ਇਨ੍ਹਾਂ ਨੂੰ ਮੈਂਬਰੀ ਖੋਹਣ ਦਾ ਹੱਕ ਹੀ ਨਹੀਂ



ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੂੰ ਇਸ ਗੁਰਦੁਆਰਾ ਕਮੇਟੀ ਤੋਂ ਬਰਖਾਸਤ ਕਰ ਦਿਤਾ ਗਿਆ ਹੈ। ਇਸ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਮਨਜੀਤ ਸਿੰਘ ਜੀ ਕੇ ਦੀ ਇਸ ਕਮੇਟੀ ਦੀ ਮੈਂਬਰੀ ਰੱਦ ਕਰਨ ਦਾ ਐਲਾਨ ਕੀਤਾ ਗਿਆ, ਜਿਸ ਦੇ ਛੇਤੀ ਬਾਅਦ ਮਨਜੀਤ ਸਿੰਘ ਜੀ ਕੇ ਪ੍ਰੈੱਸ ਕਾਨਫਰੰਸ ਕਰ ਕੇ ਕਮੇਟੀ ਦੇ ਫੈਸਲੇ ਬਾਰੇ ਆਪਣਾ ਪੱਖ ਰੱਖਿਆ ਅਤੇ ਫੈਸਲਾ ਕਰਨ ਵਾਲਿਆਂ ਉੱਤੇ ਜਵਾਬੀ ਦੋਸ਼ ਲਾਏ ਹਨ।

ਵਰਨਣ ਯੋਗ ਹੈ ਕਿ ਮਨਜੀਤ ਸਿੰਘ ਜੀ ਕੇ ਨੂੰ ਸਸਪੈਂਡ ਕਰਨ ਦੀ ਚਰਚਾ ਪਹਿਲਾਂ ਤੋਂ ਹੀ ਚੱਲ ਰਹੀ ਸੀ। ਦਿੱਲੀ ਗੁਰਦੁਆਰਾ ਕਮੇਟੀ ਦੇ ਅਧਿਕਾਰਤ ਵਾਟਸਐਪ ਗਰੁੱਪ ਉੱਤੇ ਪਹਿਲਾਂ ਤੋਂ ਹੀ ਇਕ ਸੁਨੇਹਾ ਵਾਇਰਲ ਹੋ ਰਿਹਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਭਵਿੱਖ ਵਿੱਚ ਗੁਰਦੁਆਰਾ ਕਮੇਟੀ ਦਾ ਕੋਈ ਮੈਂਬਰ ਗੋਲਕ ਚੋਰੀ ਦੀ ਜੁਰਅੱਤ ਨਹੀਂ ਕਰੇਗਾ। ਇਸ ਗੁਰਦੁਆਰਾ ਕਮੇਟੀ ਦੇ ਬਣਨ ਤੋਂ ਅੱਜ ਤਕ ਦਾ ਇਸ ਤਰ੍ਹਾਂ ਦਾ ਇਹ ਪਹਿਲਾ ਫ਼ੈਸਲਾ ਹੈ। ਇਸ ਵਾਟਸਐਪ ਗਰੁੱਪ ਵਿੱਚ ਮੈਂਬਰਾਂ ਨੂੰ ਜਨਰਲ ਹਾਊਸ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਂਦੇ ਹੋਏ ਕਿਹਾ ਗਿਆ ਸੀ ਕਿ ਤੁਸੀਂ ਸਾਰੇ ਇਨ੍ਹਾਂ ਇਤਿਹਾਸਕ ਪਲਾਂ ਦੇ ਗਵਾਹ ਬਣੋਗੇ। ਇਸ ਦੇ ਕੁਝ ਦੇਰ ਬਾਅਦ 'ਜਾਗੋ' ਪਾਰਟੀ ਦੇ ਮੁਖੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਕਿ ਦਿੱਲੀ ਗੁਰਦਵਾਰਾ ਕਮੇਟੀ ਦੇ ਜਨਰਲ ਹਾਊਸ ਕੋਲ ਉਨ੍ਹਾਂ ਦੀ ਮੈਂਬਰੀ ਖੋਹਣ ਦਾ ਹੱਕ ਹੀ ਨਹੀਂ ਅਤੇ ਇਹ ਦਿੱਲੀ ਸਿੱਖ ਗੁਰ-ਦਵਾਰਾ ਐਕਟ 1971 ਦੀ ਉਲੰਘਣਾ ਹੈ। ਉਚੇਚੀ ਸੱਦੀ ਪ੍ਰੈੱਸ ਕਾਨਫਰੰਸ ਵਿਚ ਮਨਜੀਤ ਸਿੰਘ ਜੀ ਕੇ ਨੇ ਕਿਹਾ, ਸੰਗਤ ਵਲੋਂ ਚੁਣੇ ਕਿਸੇ ਮੈਂਬਰ ਦੀ ਮੈਂਬਰੀ ਰੱਦ ਕਰਨ ਦਾ ਕਮੇਟੀ ਦੇ ਜਨਰਲ ਹਾਊਸ ਨੂੰ ਹੱਕ ਹੀ ਨਹੀਂ, ਉਹ ਇਸ ਫ਼ੈਸਲੇ ਨੂੰ ਅਦਾਲਤ ਵਿਚ ਚੁਣੌਤੀ ਦੇਣਗੇ। ਜੀ ਕੇ ਨੇ ਕਿਹਾ ਕਿ ਗੁਰਦੁਆਰਾ ਕਮੇਟੀ ਦੇ ਅਜੋਕੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਪਣੇ ਭ੍ਰਿਸ਼ਟਾਚਾਰ ਉੱਤੇ ਪਰਦਾ ਪਾਉਣ ਤੇ ਸਿੱਖਾਂ ਨੂੰ ਗੁਮਰਾਹ ਕਰਨ ਲਈ ਡਰਾਮਾ ਖੇਡ ਰਹੇ ਹਨ ਅਤੇ ਜੇ ਮੇਰੇ ਉੱਤੇ ਗੋਲਕ ਚੋਰੀ ਦਾ ਇਕ ਰੁਪਏ ਦਾ ਦੋਸ਼ ਸਾਬਤ ਹੋਵੇ ਤਾਂ ਮੈਂ ਦੋ ਰੁਪਏ ਮੋੜਾਂਗਾ। ਉਨ੍ਹਾ ਫਿਰ ਕਿਹਾ ਕਿ 51 ਲੱਖ ਕੈਨੇਡੀਅਨ ਡਾਲਰ ਦਾ ਦਾਨ ਗੁਰਦੁਆਰਾ ਕਮੇਟੀ ਦੇ ਬੈਂਕ ਖਾਤੇ ਵਿਚ ਆਇਆ ਸੀ, ਇਹੋ ਅੱਗੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਸੇਵਾ ਕਾਰਜਾਂ ਲਈ ਦੇ ਦਿਤੇ ਸਨ, ਜਿਸ ਦੇ ਬਾਰੇ ਉਹ ਅਦਾਲਤ ਵਿਚ ਬਿਆਨ ਦੇ ਚੁਕੇ ਹਨ।

# ਡਾਕਟਰ ਕਫ਼ੀਲ ਖ਼ਾਨ ਦੇ ਖ਼ਿਲਾਫ਼ ਐਨ ਐਸ ਏ ਲਾਇਆ ਗਿਆ

ਲਖਨਊ, 17 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਪੁਲੀਸ ਨੇ ਜੇਲ੍ਹ ਵਿੱਚ ਬੰਦ ਡਾਕਟਰ ਕਫ਼ੀਲ ਖ਼ਾਨ ਦੇ ਖ਼ਿਲਾਫ਼ ਕੌਮੀ ਸੁਰੱਖਿਆ ਐਕਟ (ਐਨ ਐਸ ਏ) ਲਾ ਦਿੱਤਾ ਹੈ। ਅਲੀਗੜ੍ਹ ਮੁਸਲਮ ਯੂਨੀਵਰਸਿਟੀ 'ਚ ਨਾਗਰਿਕਤਾ ਸੋਧ ਐਕਟ ਦੇ ਖ਼ਿਲਾਫ਼ ਭਾਸ਼ਨ ਦੇਣ ਦੇ ਦੋਸ਼ ਹੇਠ ਡਾਕਟਰ ਕਫ਼ੀਲ ਖ਼ਾਨ ਨੂੰ ਮੁਥਰਾ ਜੇਲ੍ਹ ਵਿੱਚ ਬੰਦ ਕੀਤਾ ਗਿਆ ਹੈ। ਉਂਜ ਉਨ੍ਹਾਂ ਨੂੰ ਜ਼ਮਾਨਤ ਮਿਲ ਚੁੱਕੀ ਹੈ, ਪਰ ਬਾਅਦ ਵਿੱਚ ਐਨ ਐਸ ਏ ਲਾ ਦਿੱਤਾ ਗਿਆ ਹੈ।

ਅਲੀਗੜ੍ਹ ਦੇ ਐਸ ਐਸ ਪੀ ਆਕਾਸ਼ ਕੁਲਹਾਰੀ ਨੇ ਕਿਹਾ ਕਿ ਕਫ਼ੀਲ ਖ਼ਾਨ ਜੇਲ੍ਹ 'ਚ ਹੀ ਰਹਿਣਗੇ। ਐਨ ਐਸ ਏ ਹੇਠ ਕਿਸੇ ਵਿਅਕਤੀ ਨੂੰ ਉਦੋਂ ਤੱਕ ਕਈ ਮਹੀਨੇ ਜੇਲ੍ਹ 'ਚ ਬੰਦੀ ਬਣਾ ਕੇ ਰੱਖਿਆ ਜਾ ਸਕਦਾ ਹੈ ਜਦੋਂ ਤੱਕ ਅਧਿਕਾਰੀ ਸੰਤੁਸ਼ਟ ਨਾ ਹੋ ਜਾਣ ਕਿ ਉਹ ਦੇਸ਼ ਦੀ ਸੁਰੱਖਿਆ ਜਾਂ ਅਮਨ ਕਾਨੂੰਨ ਲਈ ਖ਼ਤਰਾ ਨਹੀਂ ਰਿਹਾ। ਸਖ਼ਤ ਕਾਨੂੰਨ ਹੇਠ ਜੇਲ੍ਹ 'ਚ ਬੰਦੀ ਬਣਾ ਕੇ ਰੱਖਣ ਦੀ ਆਲੋਚਨਾ ਕਰਦਿਆਂ ਕਫ਼ੀਲ ਖ਼ਾਨ ਦੇ ਭਰਾ ਆਦਿਲ ਖ਼ਾਨ ਨੇ ਕਿਹਾ ਕਿ 'ਸਰਕਾਰ ਮੇਰੇ ਭਰਾ ਨੂੰ ਖਾਮੋਸ਼ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕੁਝ ਦਿਨ ਪਹਿਲਾਂ ਟੀ ਵੀ ਨਿਊਜ਼ ਚੈਨਲ ਉਤੇ ਉਨ੍ਹਾਂ ਖੁਲਾਸਾ ਕੀਤਾ ਸੀ ਕਿ ਬੀ ਆਰ ਡੀ ਮੈਡੀਕਲ ਕਾਲਜ (ਗੋਰਖਪੁਰ) ਵਿੱਚ ਰੋਜ਼ ਕਈ ਬੱਚੇ ਮਰ ਰਹੇ ਹਨ, ਪਰ ਸਰਕਾਰ ਤੱਥਾਂ ਤੇ ਅੰਕੜਿਆਂ ਨੂੰ ਲੁਕਾ ਰਹੀ ਹੈ।' ਉਨ੍ਹਾਂ ਕਿਹਾ ਕਿ ਕਫ਼ੀਲ ਖ਼ਾਨ ਨੇ ਮਥੁਰਾ ਜੇਲ੍ਹ ਤੋਂ ਕੱਲ੍ਹ ਸਵੇਰੇ 6 ਵਜੇ ਨਿਕਲਾ ਸੀ, ਪਰ ਸਵੇਰੇ ਪੁਲਸ ਦੀ ਮੌਜੂਦਗੀ ਵਧਾ ਦਿੱਤੀ ਅਤੇ ਵਕੀਲ ਨੂੰ ਜ਼ੁਬਾਨੀ ਦੱਸਿਆ ਗਿਆ ਕਿ ਕਫ਼ੀਲ ਖ਼ਾਨ ਉੱਤੇ ਐਨ ਐਸ ਏ ਲਾ ਦਿੱਤਾ ਹੈ।

ਡਾਕਟਰ ਖ਼ਾਨ ਨੂੰ ਯੂ ਪੀ ਸਪੈਸ਼ਲ ਟਾਸਕ ਫੋਰਸ ਨੇ ਮੁੰਬਈ ਤੋਂ 29 ਜਨਵਰੀ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਫਿਰ ਅਲੀਗੜ੍ਹ ਲਿਆਉਣ ਮਗਰੋਂ ਮਥੁਰਾ ਜ਼ਿਲ੍ਹਾ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਪੁਲਸ ਨੇ ਕਿਹਾ ਸੀ ਕਿ ਉਸ ਨੂੰ ਚੌਕਸੀ ਵਜੋਂ ਮਥੁਰਾ ਜੇਲ੍ਹ ਭੇਜਿਆ ਗਿਆ ਹੈ, ਕਿਉਂਕਿ ਅਲੀਗੜ੍ਹ ਮੁਸਲਮ ਯੂਨੀਵਰਸਿਟੀ ਕੈਂਪਸ ਤੇ ਈਦਗਾਹ ਵਿੱਚ ਸੀ ਏ ਏ ਵਿਰੋਧੀ ਪ੍ਰਦਰਸ਼ਨ ਚੱਲ ਰਹੇ ਹਨ। ਡਾਕਟਰ ਨੂੰ ਪਹਿਲਾਂ ਅਗਸਤ 2017 ਵਿੱਚ ਗੋਰਖਪੁਰ ਦੇ ਬੀ ਆਰ ਡੀ ਮੈਡੀਕਲ ਕਾਲਜ 'ਚ 60 ਤੋਂ ਵੱਧ ਬੱਚਿਆਂ ਦੀ ਮੌਤ ਲਈ ਜ਼ਿੰਮੇਵਾਰ ਠਹਿਰਾ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ।

## ਪੰਜਾਬੀ ਟੀ ਵੀ ਅਦਾਕਾਰਾ ਦੀ ਪਤੀ ਵੱਲੋਂ ਹੱਤਿਆ

ਦੇਹਰਾਦੂਨ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਇੱਕ ਟੈਲੀਵਿਜ਼ਨ ਅਦਾਕਾਰਾ ਨੂੰ ਉਸ ਦੇ ਪਤੀ ਅਤੇ ਉਸ ਦੇ ਸਾਥੀ ਨੇ ਉਤਰਖੰਡ ਦੇ ਨੈਨੀਤਾਲ ਜ਼ਿਲ੍ਹੇ 'ਚ ਸਬੰਧਾਂ ਦੇ ਸ਼ੱਕ 'ਚ ਗਲਾ ਘੁੱਟ ਕੇ ਮਾਰ ਦਿੱਤਾ ਹੈ। ਨੈਨੀਤਾਲ ਦੇ ਸੀਨੀਅਰ ਪੁਲਸ ਅਧਿਕਾਰੀ ਸੁਨੀਲ ਕੁਮਾਰ ਮੀਨਾ ਨੇ ਦੱਸਿਆ ਕਿ ਕੁਝ ਲੋਕਾਂ ਨੇ ਜੰਗਲ 'ਚ ਬੁਰੀ ਤਰ੍ਹਾਂ ਸੜੀ ਹੋਈ ਲਾਸ਼ ਦੇਖਣ ਦੀ ਸੂਚਨਾ ਪੁਲਸ ਨੂੰ ਦਿੱਤੀ ਤੇ ਪੁਲਸ ਨੇ ਜਾਂਚ ਸ਼ੁਰੂ ਕੀਤੀ ਤਾਂ ਪਤਾ ਲੱਗਾ ਕਿ ਇਹ ਲਾਸ਼ ਪੰਜਾਬ ਦੇ ਫ਼ਿਰੋਜ਼ਪੁਰ ਜ਼ਿਲ੍ਹੇ 'ਚ ਰਹਿਣ ਵਾਲੇ ਰਵਿੰਦਰਪਾਲ ਸਿੰਘ ਦੀ ਪਤਨੀ ਅਨੀਤਾ ਸਿੰਘ ਦੀ ਹੈ। ਜਾਂਚ 'ਚ ਪਤਾ ਲੱਗਾ ਕਿ ਕਾਰ ਦਾ ਮਾਲਕ ਹਲਦਵਾਨੀ ਦਾ ਵਸਨੀਕ ਹੈ ਅਤੇ ਉਸ ਤੋਂ ਪੁੱਛਗਿੱਛ 'ਚ ਪਤਾ ਲੱਗਾ ਕਿ ਘਟਨਾ ਵਾਲੀ ਰਾਤ ਉਸ ਨੇ ਆਪਣੀ ਕਾਰ ਦਿੱਲੀ ਦੇ ਆਪਣੇ ਰਿਸ਼ਤੇਦਾਰ ਕੁਲਦੀਪ ਨੂੰ ਦਿੱਤੀ ਸੀ। ਜਦੋਂ ਕੁਲਦੀਪ ਤੋਂ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਦੱਸਿਆ ਕਿ ਅਨੀਤਾ ਸਿੰਘ ਦੀ ਹੱਤਿਆ ਉਸ ਦੇ ਪਤੀ ਰਵਿੰਦਰਪਾਲ ਸਿੰਘ ਨੇ ਕੀਤੀ ਸੀ ਅਤੇ ਲਾਸ਼ ਟਿਕਾਣੇ ਲਾਉਣ ਲਈ ਉਸ ਦੀ ਮਦਦ ਕੀਤੀ ਸੀ।

# ਹਾਰ ਤੋਂ ਤ੍ਰਹਿਕੀ ਭਾਜਪਾ ਆਪਣੇ ਬਦਜ਼ਬਾਨ ਲੀਡਰਾਂ ਨੂੰ ਪਾਏਗੀ ਲਗਾਮ

## * ਪ੍ਰਧਾਨ ਨੱਡਾ ਦੀ ਕੇਂਦਰੀ ਮੰਤਰੀ ਗਿਰੀਰਾਜ ਨੂੰ ਸਖ਼ਤ ਚਿਤਾਵਨੀ



ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਭਾਜਪਾ ਦੇ ਕੁੱਲ ਹਿੰਦ ਪ੍ਰਧਾਨ ਜੇ ਪੀ ਨੱਡਾ ਨੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੂੰ ਉਸ ਦੇ ਲਗਾਤਾਰ ਵਿਵਾਦਤ ਬਿਆਨਾਂ ਕਰ ਕੇ ਸਖ਼ਤ ਝਾੜ ਪਾਈ ਅਤੇ ਭਵਿੱਖ ਵਿੱਚ ਇਸ ਤਰ੍ਹਾਂ ਦੇ ਵਿਵਾਦਿਤ ਬਿਆਨ ਦੇਣ ਤੋਂ ਗੁਰੇਜ਼ ਕਰਨ ਦੀ ਹਦਾਇਤ ਵੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਗਿਰੀਰਾਜ ਸਿੰਘ ਦੇ ਵਿਵਾਦਾਂ ਵਾਲੇ ਬਿਆਨਾਂ ਤੋਂ ਭਾਜਪਾ ਦੇ ਕੇਂਦਰੀ ਨੇਤਾ ਨਾਰਾਜ਼ ਹਨ ਅਤੇ ਇਸੇ ਲਈ ਜੇ ਪੀ ਨੱਡਾ ਨੇ ਉਸ ਨੂੰ ਪਾਰਟੀ ਦੇ ਕੇਂਦਰੀ ਦਫਤਰ ਬੁਲਾਇਆ ਅਤੇ ਚੇਤਾਵਨੀ ਦਿੱਤੀ ਹੈ। ਦੱਸਿਆ ਗਿਆ ਹੈ ਕਿ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਦੇ ਗੈਰ ਜ਼ਿੰਮੇਵਾਰਾਨਾ ਬਿਆਨਾਂ ਤੋਂ ਜੇ ਪੀ ਨੱਡਾ ਬੇਹੱਦ ਨਾਰਾਜ਼ ਹਨ। ਬੀਤੇ ਦਿਨੀਂ ਦਿੱਲੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਮਗਰੋਂ ਗਿਰੀਰਾਜ ਸਿੰਘ ਨੇ ਫਿਰ ਕਈ ਵਿਵਾਦਤ ਬਿਆਨ ਦੇ ਦਿੱਤੇ ਸਨ। ਉਹ ਪਹਿਲਾਂ ਵੀ ਇਸ ਤਰ੍ਹਾਂ ਦੇ ਭੜਕਾਊ ਅਤੇ ਨਫਰਤ ਫੈਲਾਉਣ ਵਾਲੇ ਬਿਆਨ ਦੇਂਦੇ ਰਹੇ ਸਨ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਸਮਰਥਨ ਵਾਸਤੇ ਹੋਏ ਪ੍ਰੋਗਰਾਮ ਵਿੱਚ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਕਿਹਾ ਸੀ ਕਿ ਦਿਓਬੰਦ ਕੇਂਦਰ ਅੱਤਵਾਦ ਦੀ ਗੰਗੋਤਰੀ ਹੈ, ਹਾਫਿਜ਼ ਸਈਦ ਸਣੇ ਸਾਰੇ ਵੱਡੇ ਅੱਤਵਾਦੀ ਇਥੋਂ ਬਾਹਰ ਨਿਕਲਦੇ ਹਨ। ਪਹਿਲਾਂ ਗਿਰੀਰਾਜ ਸਿੰਘ ਦਿੱਲੀ ਵਿਧਾਨ ਸਭਾ ਚੋਣਾਂ ਵੇਲੇ ਵੀ ਵਿਵਾਦਤ ਬਿਆਨਾਂ ਦੇ ਕਾਰਨ ਚਰਚਾ ਵਿੱਚ ਆਏ ਸਨ। ਉਨ੍ਹਾਂ ਨੇ ਸ਼ਾਹੀਨ ਬਾਗ ਮੁੱਦੇ ਉੱਤੇ ਵੀ ਇਹੋ ਜਿਹਾ ਬਿਆਨ ਦਿੱਤਾ ਅਤੇ ਕਿਹਾ ਸੀ ਕਿ 'ਸ਼ਾਹੀਨ ਬਾਗ ਸਿਰਫ ਅੰਦੋਲਨ ਨਹੀਂ ਰਿਹਾ, ਇਥੇ ਆਤਮਘਾਤੀ ਬੰਬ ਬਣਾਏ ਜਾਂਦੇ ਹਨ। ਦੇਸ਼ ਦੀ ਰਾਜਧਾਨੀ ਵਿੱਚ ਦੇਸ਼ ਦੇ ਖ਼ਿਲਾਫ਼ ਸਾਜ਼ਿਸ਼ ਹੋ ਰਹੀ ਹੈ।'

## ਕੈਂਸਰ ਅਤੇ ਦਿਲ ਦੇ ਇਲਾਜ ਲਈ ਚੰਗਾ ਹੈ ਚੈਰੀ ਟਮਾਟਰ

ਨਵੀਂ ਦਿੱਲੀ, 17 ਫਰਵਰੀ (ਪੋਸਟ ਬਿਊਰੋ)- ਖਤਰਨਾਕ ਬਿਮਾਰੀ ਕੈਂਸਰ ਦੇ ਨਾਲ ਹੀ ਦਿਲ ਦੇ ਰੋਗ ਅਤੇ ਸ਼ੂਗਰ ਦੀ ਰੋਕਥਾਮ ਲਈ ਫਾਇਦੇਮੰਦ ਹੋਣ ਕਾਰਨ ਚੈਰੀ ਟਮਾਟਰ ਦੀ ਨਾ ਕੇਵਲ ਇਸ ਦੀ ਵਪਾਰਕ ਖੇਤੀ ਵਿੱਚ ਲੋਕ ਦਿਲਚਸਪੀ ਲੈਣ ਲੱਗੇ ਹਨ, ਸਗੋਂ ਕਾਰੋਬਾਰੀ ਵੀ ਇਸ ਵੱਲ ਵਧੇ ਹਨ। ਚੈਰੀ ਟਮਾਟਰ ਸਾਧਾਰਨ ਟਮਾਟਰ ਤੋਂ ਛੋਟੇ ਅਤੇ ਆਕਾਰ ਵਿੱਚ ਗੋਲ ਹੋਣ ਦੇ ਕਾਰਨ ਚੈਰੀ ਵਰਗੇ ਦਿਸਦੇ ਹਨ। ਕੁਰਕੁਰੇ ਅਤੇ ਖੱਟੇ-ਮਿੱਠੇ ਸਵਾਦ ਗੁੱਦੇ 'ਚ ਘੁੱਟ ਪਾਣੀ ਦੇ ਕਾਰਨ ਕੱਚੇ ਖਾਣ ਦੇ ਲਈ ਸਾਧਾਰਨ ਟਮਾਟਰ ਦਾ ਬਿਹਤਰ ਬਦਲ ਹੈ। ਕੁਝ ਸਾਲ ਪਹਿਲਾਂ ਤੱਕ ਚੈਰੀ ਟਮਾਟਰ ਸਟਾਰ ਹੋਟਲਾਂ ਤੱਕ ਹੀ ਸੀਮਿਤ ਸਨ, ਪਰ ਸਮੇਂ ਦੇ ਨਾਲ ਕਿਸਾਨਾਂ 'ਚ ਇਸ ਦੀ ਖੇਤੀ ਦੀ ਦਿਲਚਸਪੀ ਵਧਦੀ ਗਈ। ਚੈਰੀ ਟਮਾਟਰ ਦੇ ਕਈ ਫਾਇਦੇ ਹਨ ਅਤੇ ਨੇੜਲੇ ਭਵਿੱਖ ਵਿੱਚ ਇਹ ਦੇਸ਼ ਦੇ ਪਾਲੀ ਹਾਊਸ ਸਬਜ਼ੀ ਉਤਪਾਦਕਾਂ ਅਤੇ ਘਰੇਲੂ ਬਗੀਚੀ ਦੀ ਇੱਕ ਸਾਧਾਰਨ ਫਸਲ ਬਣ ਜਾਵੇਗਾ। ਫਲਾਂ ਦੇ ਗੁੱਛਿਆਂ ਨਾਲ ਲੱਦੀਆਂ ਵੇਲਾਂ ਇਸ ਦੇ ਪੌਦਿਆਂ ਨੂੰ ਸਜਾਵਟੀ ਰੂਪ ਦਿੰਦੀਆਂ ਹਨ। ਚੈਰੀ ਟਮਾਟਰ ਲਾਲ ਅਤੇ ਪੀਲੇ ਰੰਗ ਵਿੱਚ ਹਨ। ਲਖਨਊ ਦੀ ਕੇਂਦਰੀ ਬਾਗਵਾਨੀ ਸੰਸਥਾ (ਸੀ ਆਈ ਐੱਸ ਐੱਚ) ਦੇ ਡਾਇਰੈਕਟਰ ਸ਼ਿਲੇਂਦਰ ਰਾਜਨ ਦੇ ਅਨੁਸਾਰ ਪੋਸ਼ਕ ਤੱਤਾਂ ਨਾਲ ਭਰਪੂਰ ਚੈਰੀ ਟਮਾਟਰ ਮੁੱਖ ਰੂਪ ਨਾਲ ਐਂਟੀ ਆਕਸੀਡੈਂਟ ਹੋਣ ਦੇ ਨਾਲ ਵਿਟਾਮਿਨ-ਸੀ ਅਤੇ ਲਾਇਕੋਪਿਨ ਦੇ ਨਾਲ ਵੀ ਭਰਪੂਰ ਹਨ। ਇਸ ਦੇ ਐਂਟੀ ਆਕਸੀਡੈਂਟ ਸਰੀਰ ਵਿੱਚ ਫਰੀ ਰੈਡਿਕਲਸ ਦੇ ਨਾਲ ਮਿਲ ਕੇ ਕੈਂਸਰ ਨੂੰ ਰੋਕਣ 'ਚ ਮਦਦ ਕਰਦੇ ਹਨ। ਇਸ ਦੇ ਬਾਇਓਐਕਟਿਵ ਯੋਗਿਕ ਇਸ ਨੂੰ ਦਿਲ ਰੋਗ ਅਤੇ ਸ਼ੂਗਰ ਦੇ ਰੋਗੀਆਂ ਲਈ ਯੋਗ ਬਣਦੇ ਹਨ।

# ਗੁਜਰਾਤ ਦੇ ਕਾਲਜ ’ਚ 68 ਲੜਕੀਆਂ ਦੇ ਹੇਠਲੇ ਕੱਪੜੇ ਲੁਹਾਏ



ਅਹਿਮਦਾਬਾਦ, 17 ਫਰਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਪਣੇ ਰਾਜ ਗੁਜਰਾਤ ਵਿੱਚ ਇਕ ਕਾਲਜ ਦੇ ਹੋਸਟਲ ਵਿਚ ਰਹਿੰਦੀਆਂ 68 ਲੜਕੀਆਂ ਨੂੰ ਅੰਦਰੂਨੀ ਕੱਪੜੇ ਲਾਹੁਣ ਨੂੰ ਮਜਬੂਰ ਕੀਤਾ ਗਿਆ ਹੈ। ਗੁਜਰਾਤ ਦੇ ਕਸਬਾ ਭੁਜ ਵਿਖੇ ਸ੍ਰੀ ਸਹਜਾਨੰਦ ਗਰਲਜ਼ ਇੰਸਟੀਚਿਊਟ ਦੀ ਇਸ ਘਟਨਾ ਦੇ ਸ਼ੋਸ਼ਲ ਮੀਡੀਆ ਵਿਚ ਵਾਇਰਲ ਹੋਣ ਤੋਂ ਬਾਅਦ ਹਰ ਪਾਸੇ ਭਾਰੀ ਵਿਰੋਧ ਕੀਤਾ ਜਾਣ ਲੱਗ ਪਿਆ ਹੈ।

ਮਿਲੀਆਂ ਖਬਰਾਂ ਮੁਤਾਬਕ ਲੜਕੀਆਂ ਨੂੰ ਅੰਦਰੂਨੀ ਕੱਪੜੇ ਲਾਹੁਣ ਨੂੰ ਸਿਰਫ਼ ਇਸ ਵਾਸਤੇ ਮਜਬੂਰ ਕੀਤਾ ਗਿਆ ਕਿ ਉਨ੍ਹਾਂ ਦੇ ਮੰਥਲੀ ਪੀਰੀਅਡਸ ਹੋਣ ਜਾਂ ਨਾ ਹੋਣ ਦਾ ਪਤਾ ਕੀਤਾ ਜਾ ਸਕੇ। ਇਸ ਹਰਕਤ ਦਾ ਭਾਰੀ ਵਿਰੋਧ ਹੋਣ ਪਿੱਛੋਂ ਕਾਲਜ ਦੀ ਡੀਨ ਦਰਸ਼ਨਾ ਢੋਡਕੀਆ ਨੇ ਖ਼ਬਰ ਏਜੰਸੀ ਅੱਗੇ ਪੱਖ ਰੱਖਿਆ ਕਿ ਲੜਕੀਆਂ ਦੇ ਅੰਦਰੂਨੀ ਕੱਪੜੇ ਉਤਾਰਨ ਦਾ ਮਾਮਲਾ ਹੋਸਟਲ ਦਾ ਹੈ, ਜਿਸ ਦਾ ਕਾਲਜ ਜਾਂ ਯੂਨੀਵਰਸਿਟੀ ਦਾ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਹੋਸਟਲ ਵਿਚ ਜੋ ਵੀ ਵਾਪਰਿਆ, ਉਹ ਲੜਕੀਆਂ ਦੀ ਸਹਿਮਤੀ ਨਾਲ ਹੋਇਆ ਹੈ। ਇਸ ਦੌਰਾਨ ਨਾ ਕਿਸੇ ਉੱਤੇ ਕੋਈ ਦਬਾਅ ਪਾਇਆ ਗਿਆ ਅਤੇ ਨਾ ਕਿਸੇ ਨੂੰ ਛੂਹਿਆ ਗਿਆ ਹੈ, ਫਿਰ ਵੀ ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਇਸ ਦੌਰਾਨ ਪੁਲਿਸ ਨੇ ਕਾਲਜ ਦੀ ਪ੍ਰਿੰਸੀਪਲ ਤੇ ਮਹਿਲਾ ਵਾਰਡਨ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਇਸ ਤੋਂ ਪਹਿਲਾਂ ਰਾਸ਼ਟਰੀ ਮਹਿਲਾ ਕਮਿਸ਼ਨ (ਐਨ ਸੀ ਡਬਲਿਊ) ਨੇ ਇਸ ਦਾ ਨੋਟਿਸ ਲਿਆ ਅਤੇ ਇਸ ਨੂੰ ਪ੍ਰੇਸ਼ਾਨ ਕਰਨ ਵਾਲੀ ਹਰਕਤ ਕਰਾਰ ਦਿੰਦਿਆਂ ਇਸ ਬਾਰੇ ਜਾਂਚ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ, ਜਿਹੜੀ ਹੋਸਟਲ ਦਾ ਦੌਰਾ ਕਰੇਗੀ।

ਵਰਨਣ ਯੋਗ ਹੈ ਕਿ ਭੁਜ ਦੇ ਇਸ ਕਾਲਜ ਨੂੰ ਸਵਾਮੀ ਨਾਰਾਇਣ ਮੰਦਰ ਦੇ ਪੈਰੋਕਾਰਾਂ ਵਲੋਂ ਚਲਾਇਆ ਜਾਂਦਾ ਹੈ। ਇਹ ਕਾਲਜ ਸਾਲ 2012 ਵਿਚ ਸ਼ੁਰੂ ਹੋਇਆ ਸੀ ਅਤੇ 2014 ਵਿੱਚ ਇਹ ਸ੍ਰੀ ਸਵਾਮੀ ਨਾਰਾਇਣ ਕੰਨਿਆ ਮੰਦਰ ਦੀ ਬਿਲਡਿੰਗ ਵਿਚ ਤਬਦੀਲ ਕੀਤਾ ਗਿਆ ਸੀ। ਬੀ ਕਾਮ, ਬੀ ਐਸ ਸੀ ਅਤੇ ਬੀ ਏ ਵਰਗੇ ਵੱਖ ਵੱਖ ਕੋਰਸਾਂ ਵਾਲੇ ਇਸ ਕਾਲਜ ਵਿੱਚ ਲਗਭਗ 1500 ਵਿਦਿਆਰਥੀ ਹਨ ਤੇ ਅੰਦਰ ਬੋਰਡਿੰਗ ਦੀ ਸਹੂਲਤ ਹੈ, ਜਿੱਥੇ ਦੂਰ-ਦੁਰਾਡੇ ਇਲਾਕਿਆਂ ਤੋਂ ਆਈਆਂ 68 ਲੜਕੀਆਂ ਰਹਿੰਦੀਆਂ ਹਨ। ਇਨ੍ਹਾਂ ਲੜਕੀਆਂ ਮੁਤਾਬਕ ਸਵਾਮੀ ਨਰਾਇਣ ਸੰਪਰਾਇ ਵਿੱਚ ਰਿਵਾਜ ਦੇ ਮੁਤਾਬਕ ਮੰਥਲੀ ਪੀਰੀਅਡਸ ਵੇਲੇ ਔਰਤਾਂ ਨੂੰ ਰਸੋਈ ਤੇ ਮੰਦਰ ਵਿੱਚ ਜਾਣ ਦੀ ਮਨਾਹੀ ਹੁੰਦੀ ਹੈ। ਇਹੀ ਨਹੀਂ ਉਨ੍ਹਾਂ ਨੂੰ ਸਾਥੀ ਵਿਦਿਆਰਥਣਾਂ ਨਾਲ ਛੂੰਹਣ ਤਕ ਤੋਂ ਰੋਕ ਦਿਤਾ ਜਾਂਦਾ ਹੈ।

ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਹੋਸਟਲ ਪ੍ਰਬੰਧਕਾਂ ਨੇ ਪ੍ਰਿੰਸੀਪਲ ਰੀਤਾ ਰਾਣਿਗਾ ਨੂੰ ਹੋਸਟਲ ਪ੍ਰਬੰਧਕਾਂ ਨੇ ਕੁਝ ਲੜਕੀਆਂ ਵਲੋਂ ਮੰਥਲੀ ਪੀਰੀਅਡਸ ਦੌਰਾਨ ਹੋਸਟਲ ਦੀ ਰਸੋਈ ਅਤੇ ਮੰਦਰ ਵਿੱਚ ਜਾਣ ਬਾਰੇ ਦੱਸਿਆ, ਜਿਸ ਮਗਰੋਂ ਪ੍ਰਿੰਸੀਪਲ ਨੇ ਲੜਕੀਆਂ ਨੂੰ ਫਿਟਕਾਰ ਵੀ ਲਾਈ ਸੀ। ਹੋਸਟਲ ਵਿੱਚ ਰਹਿੰਦੀ ਇਕ ਵਿਦਿਆਰਥਣ ਦੇ ਅਨੁਸਾਰ ਉਨ੍ਹਾਂ ਨੂੰ ਕਲਾਸਾਂ ਤੋਂ ਬਾਹਰ ਆ ਕੇ ਮੈਦਾਨ ਵਿਚ ਲਾਈਨ ਵਿੱਚ ਖੜ੍ਹੇ ਹੋਣ ਨੂੰ ਕਿਹਾ ਗਿਆ। ਫਿਰ ਪ੍ਰਿੰਸੀਪਲ ਨੇ ਉਨ੍ਹਾਂ ਨੂੰ ਫਿਟਕਾਰ ਲਾ ਕੇ ਉਨ੍ਹਾਂ ਨੂੰ ਪੀਰੀਅਡਸ ਵਿਚ ਹੋਣ ਜਾਂ ਨਾ ਹੋਣ ਬਾਰੇ ਸਵਾਲ ਪੁਛੇ। ਇਸ ਦੌਰਾਨ ਦੋ ਲੜਕੀਆਂ, ਜੋ ਪੀਰੀਅਡਸ ਵਿਚ ਸਨ, ਨੂੰ ਬਾਕੀਆਂ ਤੋਂ ਵੱਖ ਕਰ ਦਿਤਾ ਗਿਆ ਸੀ।

# ਸੀ ਪੀ ਆਈ ਅਤੇ ਆਰ ਜੇ ਡੀ ਕਾਰਕੁਨਾਂ ਨੇ ਅੰਬੇਦਕਰ ਦਾ ਬੁੱਤ ਗੰਗਾ ਜਲ ਨਾਲ ‘ਸ਼ੁੱਧ’ ਕੀਤਾ

## * ਭਾਜਪਾ ਆਗੂ ਗਿਰੀਰਾਜ ਸਿੰਘ ਨੇ ਬੁੱਤ 'ਤੇ ਫੁੱਲ ਮਾਲਾ ਪਾਈ ਸੀ



ਬੇਗੂਸਰਾਏ (ਬਿਹਾਰ), 17 ਫਰਵਰੀ (ਪੋਸਟ ਬਿਊਰੋ)- ਕੱਟੜ ਹਿੰਦੂਤਵ ਲਈ ਜਾਣੇ ਜਾਂਦੇ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਸਥਾਨਕ ਪਾਰਲੀਮੈਂਟ ਮੈਂਬਰ ਗਿਰੀਜਾ ਸਿੰਘ ਵੱਲੋਂ ਭੀਮ ਰਾਓ ਅੰਬੇਦਕਰ ਦਾ ਬੁੱਤ 'ਅਸ਼ੁੱਧ' ਕੀਤੇ ਜਾਣ ਮਗਰੋਂ ਸੀ ਪੀ ਆਈ (ਭਾਰਤੀ ਕਮਿਊਨਿਸਟ ਪਾਰਟੀ) ਅਤੇ ਰਾਸ਼ਟਰੀ ਜਨਤਾ ਦਲ (ਆਰ ਜੇ ਡੀ) ਦੇ ਕੁਝ ਕਾਰਕੁਨਾਂ ਨੇ ਬੁੱਤ ਨੂੰ ਗੰਗਾ ਜਲ ਨਾਲ ਨੁਹਾ ਕੇ ਸ਼ੁੱਧ ਕੀਤਾ। ਇਹ ਘਟਨਾ ਜ਼ਿਲੇ ਦੇ ਬਲੀਆ ਬਲਾਕ ਦੇ ਅੰਬੇਡਕਰ ਪਾਰਕ ਵਿੱਚ ਵਾਪਰੀ, ਜਿੱਥੇ ਗਿਰੀਰਾਜ ਸਿੰਘ ਵੱਲੋਂ ਸ਼ੁੱਕਰਵਾਰ ਨੂੰ ਬੁੱਤ 'ਤੇ ਫੁੱਲ ਮਾਲਾਵਾਂ ਪਾਈਆਂ ਗਈਆਂ ਸਨ।

ਗਿਰੀਰਾਜ ਸਿੰਘ ਨਾਗਰਿਕਤਾ ਸੋਧ ਐਕਟ ਦੇ ਹੱਕ ਵਿੱਚ ਰੱਖੀ ਰੈਲੀ ਵਿੱਚ ਜਾਣ ਤੋਂ ਪਹਿਲਾਂ ਇਥੇ ਰੁਕੇ ਅਤੇ ਬੁੱਤ ਨੂੰ ਹਾਰ ਪਹਿਨਾਏ ਸਨ, ਜਿਸ ਤੋਂ 24 ਘੰਟਿਆਂ ਬਾਅਦ ਸੀ ਪੀ ਆਈ ਦੇ ਸਥਾਨਕ ਆਗੂ ਸਨੋਜ ਸਰੋਜ ਅਤੇ ਆਰ ਜੇ ਡੀ ਦੇ ਵਿਕਾਸ ਪਾਸਵਾਨ ਅਤੇ ਰੂਪ ਨਾਰਾਇਣ ਪਾਸਵਾਨ ਪਵਿੱਤਰ ਜਲ ਦੀ ਬਾਲਟੀ ਭਰ ਕੇ ਲਿਆਏ ਅਤੇ ਬੁੱਤ 'ਤੇ ਗੰਗਾਜਲ ਛਿੜਕ ਕੇ 'ਜੈ ਭੀਮ' ਦਾ ਉਚਾਰਨ ਕਰਨ ਲੱਗੇ। ਇਨ੍ਹਾਂ ਨੇ ਇਸ ਪ੍ਰੋਗਰਾਮ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਸਾਂਝੀ ਕੀਤੀ ਹੈ, ਜਿਸ ਵਿੱਚ ਇਹ ਕਹਿ ਰਹੇ ਹਨ ਕਿ ਗਿਰੀਰਾਜ ਸਿੰਘ ਨੇ ਕੱਲ੍ਹ ਇਥੇ ਆ ਕੇ ਵਾਤਾਵਰਣ ਗੰਦਾ ਕਰ ਦਿੱਤਾ ਅਤੇ ਉਸ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਬਲੀਆ ਮਿੰਨੀ ਪਾਕਿਸਤਾਨ ਬਣ ਗਿਆ ਹੈ। ਕੇਂਦਰੀ ਮੰਤਰੀ ਉਤੇ ਮਨੂਵਾਦ ਦਾ ਸਮਰਥਕ ਹੋਣ ਦੇ ਦੋਸ਼ ਲਾ ਕੇ ਉਨ੍ਹਾਂ ਕਿਹਾ ਕਿ ਅੰਬੇਡਕਰ ਨੇ ਜਿਨ੍ਹਾਂ ਕੁਰੀਤੀਆਂ ਵਿਰੁੱਧ ਲੜਾਈ ਲੜੀ ਸੀ, ਗਿਰੀਰਾਜ ਸਿੰਘ ਨੇ ਉਨ੍ਹਾਂ ਕੁਰੀਤੀਆਂ ਦਾ ਸਮਰਥਨ ਕੀਤਾ ਤੇ ਉਨ੍ਹਾਂ ਨੇ ਬੁੱਤ ਉੱਤੇ ਫੁੱਲ ਮਾਲਾਵਾਂ ਪਾ ਕੇ ਅਸ਼ੁੱਧ ਕੀਤਾ ਹੈ। ਇਸ ਬਾਰੇ ਭਾਜਪਾ ਦੇ ਜ਼ਿਲਾ ਪ੍ਰਧਾਨ ਰਾਜ ਕਿਸ਼ੋਰ ਸਿੰਘ ਨੇ ਦੋਸ਼ ਲਾਇਆ ਕਿ ਇਹ ਲੋਕ ਸੀ ਏ ਏ ਦਾ ਵਿਰੋਧ ਕਰਨ ਦੇ ਨਾਂਅ ਉਤੇ ਅਜਿਹਾ ਮਾਹੌਲ ਪੈਦਾ ਕਰ ਰਹੇ ਹਨ ਕਿ ਇਸ ਨੇ 1947 ਦੇ ਵੰਡ ਤੋਂ ਪਹਿਲਾਂ ਦੇ ਰੌਲੇ ਦੀ ਯਾਦ ਦਿਵਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



# ਭਾਰਤ ਨੂੰ ਪਾਕਿਸਤਾਨ ਵਿਰੁੱਧ ਮੁਕੱਦਮੇ ਤੋਂ ਕਰੋੜਾਂ ਰੁਪਏ ਮਿਲੇ



ਲੰਡਨ, 17 ਫਰਵਰੀ (ਪੋਸਟ ਬਿਊਰੋ)- ਹੈਦਰਾਬਾਦ ਦੇ ਨਿਜ਼ਾਮ ਦੀ ਜਾਇਦਾਦ ਨਾਲ ਸਬੰਧਤ 70 ਸਾਲ ਪੁਰਾਣੇ ਕੇਸ 'ਚ ਹਾਰਨ ਤੋਂ ਬਾਅਦ ਪਾਕਿਸਤਾਨ ਨੇ ਬਣਦਾ ਖ਼ਰਚਾ ਭਾਰਤ ਨੂੰ ਅਦਾ ਕਰ ਦਿੱਤਾ ਹੈ।

ਲੰਡਨ ਦੇ ਇੱਕ ਬੈਂਕ 'ਚ ਕਰੀਬ ਸੱਤ ਦਹਾਕਿਆਂ ਤੋਂ ਤਕਰੀਬਨ 100 ਕਰੋੜ ਰੁਪਏ ਫਸੇ ਹੋਏ ਸਨ। ਯੂ ਕੇ ਵਿੱਚ ਭਾਰਤੀ ਦੁਤਾਵਾਸ ਨੂੰ ਲੱਖਾਂ ਪੌਂਡ ਆਪਣੇ ਹਿੱਸੇ ਵਜੋਂ ਮਿਲੇ ਹਨ। ਇਸ ਦੇ ਨਾਲ ਪਾਕਿਸਤਾਨ ਨੂੰ ਵੀ ਭਾਰਤ ਨੂੰ 26 ਕਰੋੜ ਰੁਪਏ ਦੇਣੇ ਪਏ ਹਨ। ਇਹ ਰਕਮ ਭਾਰਤ ਵੱਲੋਂ ਇਸ ਕੇਸ ਨੂੰ ਲੜਨ 'ਚ ਖ਼ਰਚ ਕੀਤੀ ਰਾਸ਼ੀ ਦਾ 65 ਫ਼ੀਸਦੀ ਹੈ। ਲੰਡਨ 'ਚ ਭਾਰਤ ਸਰਕਾਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਬ੍ਰਿਟੇਨ 'ਚ ਹਾਈ ਕਮਿਸ਼ਨ ਨੂੰ 35 ਮਿਲੀਅਨ ਪੌਂਡ ਆਪਣੇ ਹਿੱਸੇ ਦੇ ਮਿਲੇ ਹਨ। ਇਹ ਰਾਸ਼ੀ 20 ਸਤੰਬਰ 1984 ਤੋਂ ਨੈਸ਼ਨਲ ਵੈਸਟਮਿੰਸਟਰ ਬੈਂਕ ਅਕਾਉਂਟ ਵਿੱਚ ਪਈ ਸੀ ਅਤੇ ਇਸ ਰਾਸ਼ੀ 'ਤੇ ਪਾਕਿਸਤਾਨ ਨੇ ਵੀ ਦਾਅਵਾ ਕੀਤਾ ਸੀ। ਪਿਛਲੇ ਸਾਲ ਅਕਤੂਬਰ ਵਿੱਚ ਹਾਈ ਕੋਰਟ ਨੇ ਭਾਰਤ ਅਤੇ ਮੁਕੱਰਮ ਜਾਹ (ਹੈਦਰਾਬਾਦ ਦੇ 8ਵੇਂ ਨਿਜ਼ਾਮ) ਦੇ ਪੱਖ 'ਚ ਫ਼ੈਸਲਾ ਕੀਤਾ ਸੀ। ਮੁਕਰਮ ਅਤੇ ਉਨ੍ਹਾਂ ਦੇ ਛੋਟੇ ਭਰਾ ਮੁਫਖਮ ਜਾਹ ਦੋਵੇਂ ਪਾਕਿਸਤਾਨ ਦੇ ਵਿਰੁੱਧ ਲੰਡਨ ਹਾਈ ਕੋਰਟ 'ਚ ਪਿਛਲੇ ਛੇ ਸਾਲ ਤੋਂ ਇਹ ਕੇਸ ਲੜ ਰਹੇ ਸਨ।

ਬੈਂਕ ਨੇ ਪਹਿਲਾਂ ਹੀ ਇਹ ਰਾਸ਼ੀ ਅਦਾਲਤ ਨੂੰ ਤਬਦੀਲ ਕਰ ਦਿੱਤੀ ਸੀ। ਵਰਨਣ ਯੋਗ ਹੈ ਕਿ ਭਾਰਤ ਨੂੰ ਮਿਲੇ 35 ਮਿਲੀਅਨ ਪੌਂਡ ਕਾਫ਼ੀ ਵੱਡੀ ਰਕਮ ਹਨ। ਇਹ ਰਕਮ ਨਵੀਂ ਦਿੱਲੀ ਭੇਜ ਦਿੱਤੀ ਜਾਵੇਗੀ। ਲੰਡਨ 'ਚ ਇੱਕ ਡਿਪਲੋਮੈਟ ਨੇ ਕਿਹਾ, 'ਖ਼ਬਰ ਹੈ ਕਿ ਪਾਕਿਸਤਾਨ ਨੇ ਪੂਰੀ ਰਾਸ਼ੀ ਦਾ ਭੁਗਤਾਨ ਕਰ ਦਿੱਤਾ ਹੈ।' 8ਵੇਂ ਨਿਜ਼ਾਮ ਦੇ ਵਕੀਲ ਨੇ ਏਜੰਸੀ ਨੂੰ ਦੱਸਿਆ ਕਿ ਉਨ੍ਹਾਂ ਦੇ ਕਲਾਈਂਟ ਨੂੰ ਆਪਣੇ ਹਿੱਸੇ ਦੀ ਰਾਸ਼ੀ ਅਤੇ ਕੇਸ ਨੂੰ ਲੜਨ ਵਿੱਚ ਲੱਗਾ 65 ਫ਼ੀਸਦੀ ਖ਼ਰਚ ਵੀ ਮਿਲ ਗਿਆ ਹੈ। ਵਰਨਣ ਯੋਗ ਹੈ ਕਿ 20 ਸਤੰਬਰ 1948 ਨੂੰ ਹੈਦਰਾਬਾਦ ਸਰਕਾਰ ਨੂੰ ਓਦੋਂ ਦੇ ਵਿੱਤ ਮੰਤਰੀ ਮਾਇਨ ਨਵਾਜ਼ ਜੰਗ ਨੇ ਇੱਕ ਮਿਲੀਅਨ ਪੌਂਡ ਭੇਜਿਆ ਸੀ। ਇਸ ਦੇ ਬਾਅਦ ਇਹ ਰਾਸ਼ੀ ਹੈਦਰਾਬਾਦ ਰਾਜ ਦੇ ਸਮੇਂ ਦੇ ਵਿੱਤ ਮੰਤਰੀ ਨੇ ਯੂ ਕੇ ਵਿੱਚ ਉਸ ਸਮੇਂ ਦੇ ਪਾਕਿਸਤਾਨੀ ਹਾਈ ਕਮਿਸ਼ਨਰ ਹਬੀਬ ਇਬਰਾਹੀਮ ਰਹੀਮਟੂਲਾ ਨੂੰ ਭੇਜੀ। ਇਹ ਘਟਨਾ ਹੈਦਰਾਬਾਦ ਰਾਜ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੇ ਸਮੇਂ ਵਪਾਰੀ। ਉਦੋਂ ਤੋਂ ਇਹ ਰਾਸ਼ੀ ਵੱਧ ਕੇ 35 ਮਿਲੀਅਨ ਪੌਂਡ ਹੋ ਚੁੱਕੀ ਹੈ। ਭਾਰਤ ਨੇ ਵੀ ਇਸ ਰਾਸ਼ੀ 'ਤੇ ਆਪਣਾ ਦਾਅਵਾ ਪੇਸ਼ ਕੀਤਾ ਸੀ।

# ਯਤੀਮਖਾਨੇ ਵਿੱਚ ਅੱਗ ਲੱਗਣ ਨਾਲ 15 ਬੱਚਿਆਂ ਦੀ ਮੌਤ







ਪੋਰਟ-ਓ-ਪ੍ਰਿੰਸ, 17 ਫਰਵਰੀ (ਪੋਸਟ ਬਿਊਰੋ)- ਕੈਰੇਬੀਆਈ ਦੇਸ਼ ਹੈਤੀ ਵਿੱਚ ਇੱਕ ਅਮਰੀਕੀ ਐੱਨ ਜੀ ਓ ਦੇ ਟਿਕਾਣੇ ਵਿੱਚ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿੱਚ 15 ਬੱਚਿਆਂ ਦੀ ਮੌਤ ਹੋ ਗਈ।

ਇੱਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਕ ਅਮਰੀਕਾ ਦੀ ਇੱਕ ਗੈਰ ਲਾਭਕਾਰੀ ਈਸਾਈ ਸੰਸਥਾ ਵੱਲੋਂ ਹੈਤੀ ਵਿੱਚ ਚਲਾਏ ਜਾਂਦੇ ਦੋ ਮੰਜ਼ਿਲਾ ਯਤੀਮਖਾਨੇ ਵਿੱਚ ਅੱਗ ਲੱਗਣ ਕਾਰਨ ਘੱਟੋ-ਘੱਟ 15 ਬੱਚਿਆਂ ਦੀ ਮੌਤ ਹੋ ਗਈ। ਏਜੰਸੀ ਈਫੇ ਦੇ ਮੁਤਾਬਕ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੋਰਟ-ਓ-ਪ੍ਰਿੰਸ ਦੇ ਬਾਹਰੀ ਇਲਾਕੇ ਵਿੱਚ ਯਤੀਮਖਾਨੇ ਵਿੱਚ ਅੱਗ ਲੱਗਣ ਕਾਰਨ ਦੋ ਬੱਚਿਆਂ ਦੀ ਮੌਤ ਉਨ੍ਹਾਂ ਦੇ ਕਮਰੇ ਵਿੱਚ ਹੋ ਗਈ ਅਤੇ 13 ਹੋਰ ਨੇ ਸਾਹ ਲੈਣ ਵਿੱਚ ਤਕਲੀਫ ਹੋਣ ਕਾਰਨ ਨੇੜਲੇ ਹਸਪਤਾਲ ਵਿਚ ਦਮ ਤੋੜ ਦਿੱਤਾ। ਅਧਿਕਾਰੀ ਨੇ ਕਿਹਾ, ਬਦਕਿਸਮਤੀ ਨਾਲ ਫੇਰਮਥ ਹਸਪਤਾਲ, ਜਿੱਥੇ ਬੱਚਿਆਂ ਨੂੰ ਭਰਤੀ ਕੀਤਾ ਗਿਆ ਸੀ, ਜ਼ਿਆਦਾ ਕੁਝ ਨਹੀਂ ਕਰ ਸਕਿਆ। ਬੱਚੇ ਹਸਪਤਾਲ ਲਿਜਾਣ ਤੋਂ ਪਹਿਲਾਂ ਹੀ ਗੰਭੀਰ ਸਥਿਤੀ ਵਿੱਚ ਸਨ। ਦੋ ਮੰਜ਼ਿਲਾ ਇਮਾਰਤ ਵਿੱਚ ਹਾਲਵੇ ਵਿੱਚ ਇੱਕ ਬੋਰਡ 'ਤੇ ਛੱਡੀ ਗਈ ਮੋਮਬੱਤੀ ਨੂੰ ਅੱਗ ਲੱਗਣ ਦਾ ਮੁੱਖ ਕਾਰਨ ਦੱਸਿਆ ਜਾ ਰਿਹਾ ਹੈ। ਅਧਿਕਾਰੀ ਨੇ ਦੱਸਿਆ ਕਿ ਅੱਗ ਇਮਾਰਤ ਦੇ ਜ਼ੀਰੋ ਗਰਾਊਂਡ ਫਲੋਰ ਤੋਂ ਫੈਲੀ ਤੇ ਇੱਕ ਬੈਡਰੂਮ ਅਤੇ ਹੋਰ ਕਮਰੇ ਬੁਰੀ ਤਰ੍ਹਾਂ ਤਬਾਹ ਹੋ ਗਏ। ਧੂੰਏਂ ਨੇ ਦੂਜੀ ਮੰਜ਼ਿਲ ਨੂੰ ਵੀ ਪ੍ਰਭਾਵਤ ਕੀਤਾ ਜਿੱਥੇ ਹੋਰ ਬੈਡਰੂਮ ਸਥਿਤ ਸਨ। 66 ਬੱਚਿਆਂ ਦੀ ਸਮਰੱਥਾ ਵਾਲੇ ਯਤੀਮਖਾਨੇ ਨੂੰ ਪਿਛਲੇ ਚਾਲੀ ਸਾਲਾਂ ਤੋਂ ਪੈਨਸਿਲਵੇਨੀਆ ਦੇ ਇੱਕ ਈਸਾਈ ਸੰਗਠਨ ਚਰਚ ਆਫ ਬਾਈਬਲ ਅੰਡਰਸਟੈਂਡਿੰਗ ਵੱਲੋਂ ਚਲਾਇਆ ਜਾ ਰਿਹਾ ਹੈ।



# ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਉੱਤੇ 29 ਨੂੰ ਦਸਤਖ਼ਤ ਹੋਣਗੇ



ਵਾਸ਼ਿੰਗਟਨ, 17 ਫਰਵਰੀ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਵਿੱਚ 19 ਸਾਲਾਂ ਤੋਂ ਚੱਲ ਰਹੀ ਖ਼ੂਨੀ ਜੰਗ ਮੁੱਕਣ ਲਈ ਆਸ ਵਧ ਗਈ ਹੈ। ਅਮਰੀਕਾ ਤੇ ਤਾਲਿਬਾਨ ਵਿਚਾਲੇ ਸ਼ਾਂਤੀ ਸਮਝੌਤੇ ਦੀ ਸਹਿਮਤੀ ਹੋਣ ਦੀ ਖਬਰ ਹੈ। ਦੋਵੇਂ ਧਿਰਾਂ 29 ਫਰਵਰੀ ਨੂੰ ਸਮਝੌਤੇ ਉੱਤੇ ਦਸਖ਼ਤ ਕਰਨਗੀਆਂ। ਸਮਝੌਤੇ ਮੁਤਾਬਕ ਇੱਕ ਹਫ਼ਤੇ ਦੀ ਜੰਗਬੰਦੀ ਤੇ ਅਮਰੀਕੀ ਫ਼ੌਜ ਦੀ ਵਾਪਸੀ ਉੱਤੇ ਅਫ਼ਗਾਨ ਸਰਕਾਰ ਨਾਲ ਸ਼ਾਂਤੀ ਵਾਰਤਾ ਕਰਨ ਦਾ ਖਾਕਾ ਸ਼ਾਮਲ ਕੀਤਾ ਗਿਆ ਹੈ।

ਅਮਰੀਕਾ ਤੇ ਤਾਲਿਬਾਨ ਦੀ ਸ਼ਾਂਤੀ ਵਾਰਤਾ ਵਿੱਚ ਸ਼ਾਮਲ ਉੱਚ ਪੱਧਰੀ ਸੂਤਰਾਂ ਨੇ ਦੱਸਿਆ ਹੈ ਕਿ ਦੋਵੇਂ ਧਿਰਾਂ ਨੇ 29 ਫਰਵਰੀ ਨੂੰ ਸ਼ਾਂਤੀ ਸਮਝੌਤੇ ਉੱਤੇ ਦਸਖ਼ਤ ਕਰਨ ਬਾਰੇ ਸਹਿਮਤੀ ਕਰ ਲਈ ਹੈ। ਇਸ ਸਮਝੌਤੇ ਲਈ ਅਮਰੀਕਾ ਦੀ ਸਰਕਾਰ ਲੰਬੇ ਸਮੇਂ ਤੋਂ ਤਾਲਿਬਾਨ ਨਾਲ ਗੱਲਬਾਤ ਦੇ ਗੇੜ ਚਲਾ ਰਹੀ ਸੀ। ਇਕ ਜਾਣਕਾਰ ਨੇ ਕਿਹਾ ਕਿ ਦੋਵੇਂ ਧਿਰਾਂ ਇਸ ਗੱਲ ਉੱਤੇ ਸਹਿਮਤੀ ਕਰਨ ਵਿੱਚ ਕਾਮਯਾਬ ਹੋਈਆਂ ਕਿ ਹਿੰਸਾ ਵਿੱਚ ਕਮੀ ਲਿਆਉਣਾ ਜ਼ਰੂਰੀ ਹੋਵੇਗਾ।

ਵਰਨਣ ਯੋਗ ਹੈ ਕਿ ਤਾਲਿਬਾਨ ਦੇ ਵਿਰੋਧ ਕਾਰਨ ਸ਼ਾਂਤੀ ਵਾਰਤਾ ਵਿੱਚ ਅਫ਼ਗਾਨਿਸਤਾਨ ਦੀ ਸਰਕਾਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਅਫ਼ਗਾਨਿਸਤਾਨ ਦੀ ਮੌਜੂਦਾ ਸਰਕਾਰ ਨੂੰ ਤਾਲਿਬਾਨ ਲੀਡਰਸ਼ਿਪ ਅਮਰੀਕਾ ਦੀ ਕਠਪੁਤਲੀ ਮੰਨਦੀ ਹੈ। ਇਸ ਦੇਸ਼ ਵਿੱਚ ਅਮਰੀਕਾ ਦੇ ਇਸ ਵੇਲੇ ਕਰੀਬ 11 ਹਜ਼ਾਰ ਫ਼ੌਜੀ ਹਨ। 2016 ਦੀ ਚੋਣ ਵੇਲੇ ਰਾਸ਼ਟਰਪਤੀ ਟਰੰਪ ਨੇ ਵਾਅਦਾ ਕੀਤਾ ਸੀ ਕਿ ਉਹ ਜੰਗ ਖ਼ਤਮ ਕਰਵਾ ਕੇ ਅਮਰੀਕੀ ਫ਼ੌਜੀਆਂ ਨੂੰ ਵਾਪਸ ਲਿਆਉਣਗੇ।

ਅਮਰੀਕਾ ਅਤੇ ਤਾਲਿਬਾਨ ਵਿਚਾਲੇ ਦਸੰਬਰ 2018 ਤੋਂ ਕਤਰ ਦੀ ਰਾਜਧਾਨੀ ਦੋਹਾ ਤੋਂ ਗੱਲਬਾਤ ਚੱਲ ਰਹੀ ਸੀ, ਪਰ ਇਸ ਵਿੱਚ ਕਈ ਵਾਰ ਉਤਾਰ-ਚੜ੍ਹਾਅ ਆਇਆ ਸੀ। ਬੀਤੇ ਸਤੰਬਰ ਵਿੱਚ ਜਦੋਂ ਦੋਵੇਂ ਧਿਰਾਂ ਸਮਝੌਤੇ ਦੇ ਨੇੜੇ ਸਨ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਾਲਿਬਾਨ ਦੇ ਇੱਕ ਹਮਲੇ ਵਿੱਚ ਇਕ ਅਮਰੀਕੀ ਫ਼ੌਜੀ ਦੀ ਮੌਤ ਕਾਰਨ ਗੱਲਬਾਤ ਰੋਕ ਦਿੱਤੀ ਸੀ। ਫਿਰ ਇਹ ਗੱਲਬਾਤ ਦਸੰਬਰ ਵਿੱਚ ਸ਼ੁਰੂ ਹੋਈ ਸੀ। ਇਸ ਵਾਰੀ ਜਿਸ ਸਮਝੌਤੇ ਉੱਤੇ ਲਗਭਗ ਸਹਿਮਤੀ ਹੋਈ ਹੈ, ਉਸ ਦੇ ਮੁਤਾਬਕ ਤਾਲਿਬਾਨ ਅਤੇ ਅਫ਼ਗਾਨਿਸਤਾਨ ਸਰਕਾਰ ਵਿਚਾਲੇ 10 ਮਾਰਚ ਤੋਂ ਗੱਲਬਾਤ ਸ਼ੁਰੂ ਹੋਵੇਗੀ, ਅਮਰੀਕਾ 29 ਫਰਵਰੀ ਤੋਂ 10 ਮਾਰਚ ਤਕ ਪੰਜ ਹਜ਼ਾਰ ਤਾਲਿਬਾਨ ਕੈਦੀ ਛੱਡੇਗਾ, ਡੇਢ ਸਾਲ ਵਿੱਚ ਅਮਰੀਕੀ ਫ਼ੌਜ ਦੀ ਵਾਪਸੀ ਹੋਵੇਗੀ ਅਤੇ ਅਮਰੀਕਾ ਅਤੇ ਤਾਲਿਬਾਨ ਦੋਵੇਂ ਪੱਖ ਇੱਕ ਹਫ਼ਤੇ ਲਈ ਜੰਗਬੰਦੀ ਕਰਨਗੇ

# ਬ੍ਰਿਟੇਨ ਦੀ 2021 ਜਨਗਣਨਾ ਵਿੱਚ ਸਿੱਖਾਂ ਲਈ ਵੱਖਰੇ ਖਾਨੇ ਕਾਰਨ ਨਵੀਂ ਬਹਿਸ ਛਿੜੀ



ਲੰਡਨ, 17 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਅਗਲੇ ਸਾਲ 2021 ਵਿੱਚ ਹੋਣ ਵਾਲੀ ਜਨਗਣਨਾ 'ਚ ਸਿੱਖਾਂ ਲਈ ਵੱਖਰੇ ਖਾਨੇ ਨੂੰ ਲਾਜ਼ਮੀ ਕਰਨ ਦੀ ਜੱਦੋਜਹਿਦ ਵਿੱਚ ਨਵੇਂ ਸਵਾਲ ਖੜ੍ਹੇ ਹੋ ਰਹੇ ਹਨ। ਓਥੋਂ ਦੇ ਪਹਿਲੇ ਦਸਤਾਰਧਾਰੀ ਸਿੱਖ ਲਾਰਡ ਇੰਦਰਜੀਤ ਸਿੰਘ ਨੇ ਇਸ ਦਾ ਖੁੱਲ੍ਹ ਕੇ ਵਿਰੋਧ ਕੀਤਾ ਹੈ।

ਲਾਰਡ ਇੰਦਰਜੀਤ ਸਿੰਘ ਦੇ ਅਨੁਸਾਰ 2011 ਦੀ ਜਨਗਣਨਾ ਫਾਰਮ ਵਿੱਚ ਧਰਮ ਵਾਲੇ ਖਾਨੇ ਵਿੱਚ ਸਿੱਖ ਧਰਮ ਬਾਰੇ ਪਹਿਲਾਂ ਹੀ ਸਾਫ ਲਿਖਿਆ ਹੋਇਆ ਹੈ, ਫਿਰ ਏਥਨਿਕ ਖਾਨੇ ਵਿੱਚ ਇਸ ਦੀ ਕੀ ਲੋੜ ਹੈ, ਜਦ ਕਿ ਦੂਜੇ ਪਾਸੇ ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਭਾਈ ਅਮਰੀਕ ਸਿੰਘ ਗਿੱਲ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਹਾਊਸ ਆਫ ਲਾਰਡਜ਼ ਵਿੱਚ ਮੰਡਾਲਾ ਕੇਸ ਵਿੱਚ 1983 ਵਿੱਚ ਸਿੱਖਾਂ ਨੂੰ ਏਥਨਿਕ ਗਰੁੱਪ ਮੰਨਿਆ ਜਾ ਚੁੱਕਾ ਹੈ ਤਾਂ ਇਸ ਦਾ ਵਿਰੋਧ ਕਿਉਂ ਹੋ ਰਿਹਾ ਹੈ? ਉਨ੍ਹਾਂ ਇਹ ਵੀ ਕਿਹਾ ਕਿ ਯੂ ਕੇ ਦੀਆਂ ਬਹੁਤੀਆਂ ਨੀਤੀਆਂ ਏਥਨਿਕ ਆਧਾਰ 'ਤੇ ਬਣਦੀਆਂ ਹਨ, ਜਿਸ ਕਰ ਕੇ ਸਿੱਖ ਕਈ ਸਰਕਾਰੀ ਸਹੂਲਤਾਂ ਤੋਂ ਰਹਿ ਜਾਂਦੇ ਹਨ। ਲਾਰਡ ਇੰਦਰਜੀਤ ਸਿੰਘ ਨੇ 'ਸਿੱਖਾਂ ਨੂੰ ਏਥਨਿਕ ਖਾਨਾ ਕਿਉਂ ਨਹੀਂ ਚਾਹੀਦਾ' ਨਾਂਅ ਦਾ ਦਸਤਾਵੇਜ਼ ਜਾਰੀ ਕੀਤਾ ਹੈ। ਇਸ ਤੋਂ ਬਾਅਦ ਕੰਜ਼ਰਵੇਟਿਵ ਪਾਰਟੀ ਦੇ ਤਿੰਨ ਪਾਰਲੀਮੈਂਟ ਮੈਂਬਰਾਂ ਅਤੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੇ ਮੀਤ ਚੇਅਰ ਐੱਮ ਪੀ ਸਟੂਅਰਡ ਐਂਡਰਸਨ, ਐੱਮ ਪੀ ਜੋਏ ਮੌਰਸੀ ਅਤੇ ਐੱਮ ਪੀ ਨਿਕੋਲਾ ਰਿਚਰਡਸ ਨੇ ਕਿਹਾ ਕਿ ਇਸ ਬਾਰੇ ਸਿਰਫ ਤਿੰਨ ਸਾਧਾਰਨ ਸਵਾਲ ਹਨ ਕਿ ਕੀ ਸਿੱਖ ਏਥਨਿਕ ਗਰੁੱਪ ਹਨ? ਧਰਮ ਵਾਲੇ ਖਾਨੇ ਨੂੰ ਭਰਨਾ ਲਾਜ਼ਮੀ ਕਿਉਂ ਨਹੀਂ ਕੀਤਾ ਗਿਆ? ਸਿੱਖ ਏਥਨਿਕ ਖਾਨੇ ਦੀ ਹਮਾਇਤ ਜਾਂ ਵਿਰੋਧ ਕਰਨ ਵਾਲਿਆਂ ਬਾਰੇ ਸਬੂਤ ਕਿਉਂ ਨਹੀਂ ਪੇਸ਼ ਕੀਤੇ ਜਾਂਦੇ? ਬੀਤੇ ਦਿਨੀਂ ਅਜਿਹਾ ਇੱਕ ਦਸਤਾਵੇਜ਼ ਸਕਾਟਿਸ਼ ਪਾਰਲੀਮੈਂਟ ਦੇ ਸਭਿਆਚਾਰ, ਸੈਰ ਸਪਾਟਾ, ਯੂਰਪ ਤੇ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਨੂੰ ਵੀ ਮਿਲਿਆ ਸੀ, ਜਿਸ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਮਾਂਡਲਾ ਅਤੇ ਡੋਵਲ ਲੀ ਕੇਸ, ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਭਾਈ ਅਮਰੀਕ ਸਿੰਘ ਗਿੱਲ ਤੇ ਐੱਮ ਪੀ ਪ੍ਰੀਤ ਕੌਰ ਗਿੱਲ ਦਾ ਹਵਾਲਾ ਦਿੱਤਾ ਗਿਆ ਸੀ। ਇਹ ਦਸਤਾਵੇਜ਼ ਵਿਭਾਗ ਦੀ ਵੈੱਬਸਾਈਟ 'ਤੇ ਜਾਰੀ ਕੀਤਾ ਗਿਆ ਸੀ, ਜਿਸ ਉੱਤੇ ਇਤਰਾਜ਼ ਹੋਣ ਤੋਂ ਬਾਅਦ ਵਿਭਾਗ ਨੇ ਹਟਾ ਲਿਆ ਸੀ। ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਨੇ ਵੀ ਸਿੱਖਾਂ ਲਈ ਵੱਖਰਾ ਖਾਨਾ ਕਿਉਂ ਜ਼ਰੂਰੀ ਹੈ, ਮੁਹਿੰਮ ਬਾਰੇ ਵਿਸਥਾਰ ਸਹਿਤ ਰਿਪੋਰਟ ਜਾਰੀ ਕਰ ਕੇ ਕਿਹਾ ਹੈ ਕਿ ਯੂ ਕੇ ਦੇ ਗੁਰੂ ਘਰਾਂ ਤੋਂ ਇਲਾਵਾ ਸਿੱਖ ਫੈਡਰੇਸ਼ਨ ਯੂ ਕੇ, ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ (ਯੂ ਕੇ), ਯੂਨਾਈਟਿਡ ਸਿੱਖਸ ਅਤੇ ਸਿੱਖਸ ਇਨ ਇੰਗਲੈਂਡ ਦੀ ਹਮਾਇਤ ਵੀ ਹਾਜ਼ਰ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਸਿੱਖ ਨੂੰ ਵੱਖਰਾ ਖਾਨਾ ਮਿਲਦਾ ਹੈ ਜਾਂ ਸਿੱਖ ਆਪਸ 'ਚ ਹੀ ਲੜਦੇ ਰਹਿ ਜਾਣਗੇ।

# ਗਿਆਨ ਕੌਰ ਭੰਡਾਲ ਦੇ ਕਤਲ ਦੇ ਦੋਸ਼ 'ਚ ਪਤੀ ਗ੍ਰਿਫ਼ਤਾਰ

ਲੰਡਨ, 17 ਫਰਵਰੀ (ਪੋਸਟ ਬਿਊਰੋ)- ਬੀਤੀ 23 ਜਨਵਰੀ ਨੂੰ ਬ੍ਰਮਿੰਘਮ ਦੇ ਸਟੋਰਬ੍ਰਿਜ਼ ਦੀ ਟ੍ਰੈਹਰਨਸ ਡਰਾਈਵ 'ਤੇ ਰਹਿਣ ਵਾਲੀ 82 ਸਾਲਾ ਗਿਆਨ ਕੌਰ ਭੰਡਾਰ ਦੀ ਲਾਸ਼ ਮਿਲੀ ਸੀ, ਜਿਸ ਦੇ ਕਤਲ ਦੇ ਸ਼ੱਕ ਹੇਠ ਉਸ ਦੇ ਪਤੀ ਪਰਗਣ ਸਿੰਘ ਭੰਡਾਰ (82) ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਉਸ ਨੇ ਕਤਲ ਤੋਂ ਇਨਕਾਰ ਕੀਤਾ ਹੈ। ਉਸ ਨੂੰ ਲਮਿੰਗਟਨ ਸਪਾ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਫੌਹੜੀਆਂ ਦੇ ਆਸਰੇ ਅਦਾਲਤ 'ਚ ਪੇਸ਼ ਹੋਏ ਪਰਗਣ ਸਿੰਘ ਭੰਡਾਲ ਨੂੰ ਦੁਭਾਸ਼ੀਏ ਦੀ ਮਦਦ ਨਾਲ ਨਾਂਅ ਅਤੇ ਜਨਮ ਤਰੀਕ ਪੁੱਛੀ ਗਈ।

ਸਰਕਾਰ ਵਕੀਲ ਬਲਦੇਵ ਸਿੰਘ ਅਟਵਾਲ ਨੇ ਅਦਾਲਤ ਨੂੰ ਦੱਸਿਆ ਕਿ 23 ਜਨਵਰੀ ਸਵੇਰੇ 11.13 ਵਜੇ ਵੈਸਟ ਮਿਡਲੈਂਡ ਐਂਬੂਲੈਂਸ ਸਰਵਿਸ ਨੂੰ ਭੰਡਾਲ ਦੇ ਬੇਟੇ ਨੇ ਲਾਸ਼ ਬਾਰੇ ਦੱਸਿਆ। ਡਾਕਟਰੀ ਜਾਂਚ 'ਚ ਪਤਾ ਲੱਗਾ ਕਿ ਗਿਆਨ ਕੌਰ ਦੇ ਸਰੀਰ 'ਤੇ ਸੱਟਾਂ ਲੱਗੀਆਂ ਹੋਈਆਂ ਸਨ, ਬਾਂਹ ਟੁੱਟੀ ਸੀ ਅਤੇ ਵੱਖੀਆਂ ਵੀ ਜ਼ਖ਼ਮੀ ਸਨ। ਪੁਲਸ ਨੇ ਪਰਗਣ ਸਿੰਘ ਨੂੰ ਹਿਰਾਸਤ 'ਚ ਲੈ ਲਿਆ ਹੈ, ਜਿਸ ਦੀ ਅਗਲੀ ਸੁਣਵਾਈ ਵਾਰਿਕ ਕਰਾਊਨ ਕੋਰਟ 'ਚ ਹੋਵੇਗੀ।

# ਕਾਬੁਲ 'ਚ ਰੋਬੋਟ ਵੇਟਰਸ ਦੀ ਸਰਵਿਸ

ਕਾਬੁਲ, 17 ਫਰਵਰੀ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਕੇਂਦਰ ਵਾਲੇ ਇਲਾਕੇ ਵਿੱਚ ਰੋਬੋਟ ਵੇਟਰਸ ਆਪਣੀਆਂ ਸੇਵਾਵਾਂ ਦੇ ਰਹੀ ਹੈ। ਉਹ ਫਰੈਂਚ ਫਰਾਈਜ਼ ਪਲੇਟ 'ਚ ਸਜਾ ਕੇ ਖ਼ੁਬਸੂਰਤ ਢੰਗ ਨਾਲ ਪੇਸ਼ ਕਰਦੀ ਹੈ। ਆਪਣੇ ਗਾਹਕਾਂ ਨੂੰ ਅਫ਼ਗਾਨਿਤਾਨ ਦੀ ਭਾਸ਼ਾ ਦਾਰੀ 'ਚ ਉਹ 'ਥੈਂਕ ਯੂ ਵੈਰੀ ਮੱਚ' ਕਹਿੰਦੀ ਹੈ। ਰੈਸਤਰਾਂ ਦੇ ਮੈਨੇਜਰ ਮੁਹੰਮਦ ਰਫੀ ਨੇ ਦੱਸਿਆ ਇਹ ਰੋਬੋਟ ਜਾਪਾਨ ਖ਼ਰੀਦ ਕੇ ਲਿਆਂਦੀ ਗਈ ਹੈ ਤੇ ਇਸ ਨੂੰ ਸਥਾਨਕ ਰਵਾਇਤੀ ਲਿਬਾਸ ਅਤੇ ਹਿਜਾਬ ਨਾਲ ਤਿਆਰ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਮਹੀਨੇ ਤੋਂ ਇਸ ਦੀ ਸੇਵਾ ਸ਼ੁਰੂ ਹੋਣ ਪਿੱਛੋਂ ਗਾਹਕਾਂ ਵਿੱਚ ਭਾਰੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਥਾਨਕ ਲੋਕ ਰੋਬੋਟ ਨੂੰ ਕੰਮ ਕਰਦੇ ਵੇਖ ਕੇ ਹੈਰਾਨ ਹੁੰਦੇ ਹਨ। ਖ਼ਾਸ ਕਰ ਬੱਚੇ ਤਾਂ ਉਛਲ ਕੇ ਖ਼ੁਸ਼ੀ ਪ੍ਰਗਟ ਕਰਦੇ ਹਨ। ਉਨ੍ਹਾਂ ਦੱਸਿਆ ਕਿ ਚੀਨ ਅਤੇ ਜਾਪਾਨ ਵਿੱਚ ਰੋਬੋਟ ਦੀ ਵਰਤੋਂ ਆਮ ਹੋ ਰਹੀ ਹੈ ਪ੍ਰੰਤੂ ਅਫ਼ਗਾਨਿਸਤਾਨ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਰੋਬੋਟ ਦੀ ਰੈਸਤਰਾਂ ਵਿੱਚ ਵਰਤੋਂ ਕੀਤੀ ਗਈ ਹੈ। ਮੈਨੇਜਰ ਰਫੀ ਨੇ ਕਿਹਾ ਕਿ ਦਹਾਕਿਆਂ ਤੋਂ ਚੱਲਦੀ ਖਾਨਾਜੰਗੀ ਨੇ ਦੇਸ਼ ਤਬਾਹ ਕਰ ਦਿੱਤਾ ਹੈ। ਕਾਬੁਲ 'ਚ ਇਸ ਰੋਬੋਟ ਨੇ ਲੋਕਾਂ ਨੂੰ ਕੁਝ ਹਲਕਾ ਪਲ ਬਤੀਤ ਕਰਨ ਦਾ ਮੌਕਾ ਦਿੱਤਾ ਹੈ।

# ਪਾਕਿਸਤਾਨ ਵਿੱਚ ਸ਼ੋਕ ਸਭਾ ਵਿੱਚ ਪੀ ਪੀ ਪੀ ਵਿਧਾਇਕਾ ਦਾ ਗੋਲੀ ਮਾਰ ਕੇ ਕਤਲ



ਸ਼ਹਿਨਾਜ਼ ਅੰਸਾਰੀ ਦੀ ਫਾਇਲ ਫੋਟੋ।

ਕਰਾਚੀ, 17 ਫਰਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਸੱਤਾਧਾਰੀ ਪਾਕਿਸਤਾਨ ਪੀਪਲਸ ਪਾਰਟੀ ਦੀ ਇੱਕ ਮਹਿਲਾ ਵਿਧਾਇਕ ਨੂੰ ਨੌਸ਼ਹਿਰਾ ਫਿਰੋਜ਼ ਜ਼ਿਲੇ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ।

ਸਿੰਧ ਸੂਬੇ ਦੀ ਪੁਲਸ ਨੇ ਦੱਸਿਆ ਕਿ ਰਾਜ ਵਿਧਾਨ ਸਭਾ ਦੀ ਮੈਂਬਰ ਸ਼ਹਿਨਾਜ਼ ਅੰਸਾਰੀ ਦੀ ਉਨ੍ਹਾਂ ਦੇ ਹੀ ਭਤੀਜੇ ਨੇ ਨੌਸ਼ਹਿਰਾ ਫਿਰੋਜ਼ ਦੇ ਦਰਿਆ ਖਾਨ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ। ਦੋਸ਼ੀ ਉਨ੍ਹਾਂ ਦੇ ਰਿਸ਼ਤੇਦਾਰ ਜਾਹਿਦ ਖੋਕਰ ਦਾ ਭਤੀਜਾ ਹੈ। ਖੋਕਰ ਦਾ ਪਿਛਲੇ ਦਿਨੀਂ ਦਿਹਾਂਤ ਹੋਇਆ ਸੀ। ਰਿਜ਼ਰਵ ਹਲਕੇ ਤੋਂ ਵਿਧਾਨ ਸਭਾ ਲਈ ਨਾਮਜ਼ਦ ਕੀਤੀ ਗਈ ਅੰਸਾਰੀ, ਖੋਕਰ ਦੇ 40ਵੇਂ (ਮੌਤ ਦੇ ਚਾਲੀ ਦਿਨ ਬਾਅਦ ਹੋਣ ਵਾਲੀ ਸ਼ੋਕ ਸਭਾ) ਵਿੱਚ ਸ਼ਾਮਲ ਹੋਣ ਗਈ ਤਾਂ ਇਹ ਹਮਲਾ ਹੋਇਆ। ਜੀਓ ਨਿਊਜ਼ ਨੇ ਡਾਕਟਰਾਂ ਦੇ ਹਵਾਲੇ ਨਾਲ ਖਬਰ ਦਿੱਤੀ ਹੈ ਕਿ ਉਨ੍ਹਾਂ ਨੂੰ ਇੱਕ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲਸ ਦੇ ਮੁਤਾਬਕ ਅੰਸਾਰੀ ਨੇ ਉਨ੍ਹਾਂ ਦੇ ਅਤੇ ਖੋਕਰ ਦੇ ਭਤੀਜੇ ਦੇ ਵਿਚਾਲੇ ਤਣਾਅ ਦੇ ਬਾਵਜੂਦ ਸ਼ੋਕ ਸਭਾ ਵਿਚ ਜਾਣ ਦਾ ਫੈਸਲਾ ਲਿਆ। ਪੁਲਸ ਇਸ ਗੱਲ ਦਾ ਪਤਾ ਲਾਉਣ ਲਈ ਜਾਂਚ ਕਰ ਰਹੀ ਹੈ ਕਿ ਹਮਲੇ ਵਿੱਚ ਕਿੰਨੇ ਲੋਕ ਸ਼ਾਮਲ ਹਨ। ਸ਼ੁਰੂ ਦੀ ਰਿਪੋਰਟ ਵਿੱਚ ਸੰਕੇਤ ਮਿਲਿਆ ਕਿ ਹਮਲਾ ਜ਼ਮੀਨੀ ਝਗੜੇ ਕਾਰਨ ਹੋਇਆ ਹੈ। ਪੀ ਪੀ ਪੀ ਮੁਖੀ ਬਿਲਾਵਲ ਭੁੱਟੋ-ਜ਼ਰਦਾਰੀ ਨੇ ਅੰਸਾਰੀ ਦੀ ਹੱਤਿਆ ਦੀ ਸਖਤ ਨਿੰਦਾ ਕੀਤੀ ਹੈ।

# ਤੁਰਕੀ ਦੇ ਰਾਸ਼ਟਰਪਤੀ ਵੱਲੋਂ ਪਾਕਿ ਪਾਰਲੀਮੈਂਟ ਵਿੱਚ ਕਸ਼ਮੀਰ ਮੁੱਦੇ ਦੀ ਚਰਚਾ

*** ਪਾਕਿਸਤਾਨ ਦੀ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ**



ਇਸਲਾਮਾਬਾਦ, 17 ਫਰਵਰੀ, (ਪੋਸਟ ਬਿਊਰੋ)- ਤੁਰਕੀ ਦੇ ਰਾਸ਼ਟਰਪਤੀ ਰਜਬ ਤੈਈਅਬ ਐਰਦੋਗਨ ਨੇ ਇਕ ਵਾਰ ਫਿਰ ਕਸ਼ਮੀਰ ਮੁੱਦਾ ਚੁੱਕਿਆ ਤੇ ਭਾਰਤ ਦੇ ਇਤਰਾਜ਼ ਦੇ ਬਾਵਜੂਦ ਕਿਹਾ ਕਿ ਉਨ੍ਹਾਂ ਦਾ ਦੇਸ਼ ਇਸ ਮਾਮਲੇ ਵਿਚ ਪਾਕਿਸਤਾਨ ਦੀ ਹਮਾਇਤ ਕਰੇਗਾ, ਕਿਉਂਕਿ ਇਹ ਦੋਵਾਂ ਦੇਸ਼ਾਂ ਨਾਲ ਜੁੜਿਆ ਵਿਸ਼ਾ ਹੈ।

ਦੋ ਦਿਨਾ ਯਾਤਰਾ ਲਈ ਆਏ ਐਰਦੋਗਨ ਨੇ ਅੱਜ ਪਾਕਿਸਤਾਨ ਦੀ ਪਾਰਲੀਮੈਂਟ ਦੇ ਸਾਂਝੇ ਸੈਸ਼ਨ ਵਿੱਚ ਬੋਲਦੇ ਹੋਏ ਐਲਾਨ ਕੀਤਾ ਕਿ ਤੁਰਕੀ ਇਸ ਹਫਤੇ ਪੈਰਿਸ ਵਿਚ ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ (ਐਫ ਏ ਟੀ ਐਫ) ਦੀ ਗ੍ਰੇਅ ਸੂਚੀ ਤੋਂ ਬਾਹਰ ਰੱਖਣ ਲਈ ਪਾਕਿਸਤਾਨ ਦੀਆਂ ਕੋਸ਼ਿਸ਼ਾਂ ਦੀ ਹਮਾਇਤ ਕਰੇਗਾ। ਉਨ੍ਹਾਂ ਨੇ ਐਫ ਏ ਟੀ ਐਫ ਦੀ ਅਗਲੀ ਮੀਟਿੰਗ ਬਾਰੇ ਕਿਹਾ ਕਿ ਮੈਂ ਇਸ ਗੱਲ ਉੱਤੇ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਅਸੀਂ ਐਫ ਏ ਟੀ ਐਫ ਦੀਆਂ ਮੀਟਿੰਗਾਂ ਵਿਚ ਰਾਜਨੀਤਕ ਦਬਾਅ ਦੇ ਵਕਤ ਪਾਕਿ-ਸਤਾਨ ਦਾ ਪੱਖ ਲਵਾਂਗੇ। ਕਸ਼ਮੀਰ ਦੇ ਮੁੱਦੇ ਉੱਤੇ ਪਾਕਿਸਤਾਨ ਦੇ ਰੁਖ ਉੱਤੇ ਆਪਣੀ ਹਮਾਇਤ ਪੇਸ਼ ਕਰਦੇ ਹੋਏ ਐਰਦੋਗਨ ਨੇ ਕਿਹਾ ਕਿ ਇਹ ਸੰਘਰਸ਼ ਜਾਂ ਤਾਕਤ ਨਾਲ ਨਹੀਂ ਨਜਿੱਠਿਆ ਜਾ ਸਕਦਾ, ਸਗੋਂ ਨਿਆਂ ਅਤੇ ਨਿਰਪੱਖਤਾ ਦੇ ਆਧਾਰ ਉੱਤੇ ਸੁਲਝਾਉਣਾ ਹੋਵੇਗਾ। ਉਨ੍ਹਾਂ ਨੇ ਪਿਛਲੇ ਸਾਲ ਅਗਸਤ ਵਿਚ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਨ ਦੇ ਭਾਰਤ ਦੇ ਫੈਸਲੇ ਬਾਰੇ ਅਸਿੱਧੇ ਸ਼ਬਦਾਂ ਵਿਚ ਕਿਹਾ ਕਿ ਸਾਡੇ ਕਸ਼ਮੀਰੀ ਭਰਾਵਾਂ-ਭੈਣਾਂ ਨੇ ਦਹਾਕਿਆਂ ਤੱਕ ਪਰੇਸ਼ਾਨੀਆਂ ਝੱਲੀਆਂ ਹਨ ਤੇ ਪਿੱਛੇ ਜਿਹੇ ਕੀਤੇ ਗਏ ਇਕ ਪਾਸੜ ਫੈਸਲਿਆਂ ਦੇ ਕਾਰਨ ਸਮੱਸਿਆਵਾਂ ਹੋਰ ਵਧ ਗਈਆਂ ਹਨ। ਤੁਰਕੀ ਦੇ ਰਾਸ਼ਟਰਪਤੀ ਨੇ ਕਿਹਾ ਕਿ ਅੱਜ ਕਸ਼ਮੀਰ ਮੁੱਦੇ ਦੇ ਅਸੀਂ ਇੰਨੇ ਹੀ ਨੇੜੇ ਹਾਂ, ਜਿੰਨਾ ਤੁਹਾਡੇ। ਉਨ੍ਹਾਂ ਕਿਹਾ ਕਿ ਤੁਰਕੀ ਕਸ਼ਮੀਰ ਮਸਲੇ ਦੇ ਹੱਲ ਲਈ ਨਿਆਂ, ਸ਼ਾਂਤੀ ਤੇ ਗੱਲਬਾਤ ਦੇ ਪੱਖ ਵਿਚ ਹੈ। ਐਰਦੋਗਨ ਨੇ ਆਪਣੇ ਭਾਸ਼ਣ ਵਿਚ ਕਸ਼ਮੀਰੀਆਂ ਦੇ ਸੰਘਰਸ਼ ਦੀ ਤੁਲਨਾ ਪਹਿਲੀ ਵਿਸ਼ਵ ਜੰਗ ਵਿਚ ਆਪਣੇ ਦੇਸ਼ ਦੇ ਸੰਘਰਸ਼ ਨਾਲ ਕੀਤੀ। ਉਨ੍ਹਾਂ ਨੇ ਪਿਛਲੇ ਸਤੰਬਰ ਵਿਚ ਯੂ ਐੱਨ ਜਨਰਲ ਅਸੈਂਬਲੀ ਵਿਚ ਵੀ ਕਸ਼ਮੀਰ ਦਾ ਮੁੱਦਾ ਚੁੱਕਿਆ ਸੀ। ਯੂ ਐੱਨ ਵਿਚ ਐਰਦੋਗਨ ਦੇ ਬਿਆਨ ਉੱਤੇ ਪ੍ਰਤੀਕਿਰਿਆ ਕਰਦੇ ਹੋਏ ਭਾਰਤ ਨੇ ਕਿਹਾ ਸੀ ਕਿ ਕਸ਼ਮੀਰ ਉੱਤੇ ਤੁਰਕੀ ਦੇ ਬਿਆਨ ਦਾ ਉਸ ਨੂੰ ਡੂੰਘਾ ਅਫਸੋਸ ਹੈ ਤੇ ਇਹ ਭਾਰਤ ਦਾ ਅੰਦਰੂਨੀ ਮਾਮਲਾ ਹੈ।

# ਬੁੱਢਾ ਕੇਸ ਵਿੱਚ ਜੱਗਾ ਤੇ ਪਹਿਲਵਾਨ ਦੇ ਪਾਕਿਸਤਾਨ ਨਾਲ ਸੰਬੰਧਾਂ ਦਾ ਖੁਲਾਸਾ

ਚੰਡੀਗੜ੍ਹ, 17 ਫਰਵਰੀ (ਪੋਸਟ ਬਿਊਰੋ)- ਪੰਜਾਬ ਪੁਲਸ ਵੱਲੋਂ ਖਤਰਨਾਕ ਗੈਂਗਸਟਰ ਬੁੱਢਾ ਕੇਸ ਵਿੱਚ ਗ੍ਰਿਫਤਾਰ ਕੀਤੇ ਗਏ ਜਗਦੀਪ ਸਿੰਘ ਉਰਫ ਜੱਗਾ (ਬਿੱਲਾ) ਅਤੇ ਗੁਰਵਿੰਦਰ ਸਿੰਘ (ਪਹਿਲਵਾਨ) ਦੇ ਪਾਕਿਸਤਾਨ ਨਾਲ ਸੰਬੰਧ ਸਾਹਮਣੇ ਆਏ ਹਨ। ਪੁਲਸ ਦੇ ਬੁਲਾਰੇ ਅਨੁਸਾਰ ਦੋਵਾਂ ਤੋਂ ਪਾਕਿਸਤਾਨ ਦੇ ਸਿਮ ਕਾਰਡ ਬਰਾਮਦ ਕੀਤੇ ਗਏ ਹਨ ਅਤੇ ਦੋਵੇਂ ਪਿੰਡ ਕੋਟ ਧਰਮ ਚੰਦ ਕਲਾਂ ਥਾਣਾ ਝਬਾਲ, ਜ਼ਿਲਾ ਤਰਨ ਤਾਰਨ ਦੇ ਵਸਨੀਕ ਹਨ।

ਵਰਨਣ ਯੋਗ ਹੈ ਕਿ ਇਨ੍ਹਾਂ ਦੋਸ਼ੀਆਂ ਨੂੰ ਸੰਗਠਿਤ ਅਪਰਾਧ ਕੰਟਰੋਲ ਯੂਨਿਟ ਅਤੇ ਮੋਹਾਲੀ ਪੁਲਸ ਦੇ ਇੱਕ ਸਾਂਝੇ ਅਪਰੇਸ਼ਨ ਵਿੱਚ ਫੜਿਆ ਗਿਆ ਸੀ। ਇਨ੍ਹਾਂ ਦੇ ਖਿਲਾਫ ਐੱਨ ਡੀ ਪੀ ਐੱਸ ਐਕਟ ਦੀ ਧਾਰਾ 21 ਹੇਠ ਥਾਣਾ ਸਿਟੀ ਖਰੜ ਵਿੱਚ ਕੇਸ ਦਰਜ ਕੀਤਾ ਗਿਆ। ਏ ਆਈ ਜੀ ਗੁਰਮੀਤ ਚੌਹਾਨ ਅਤੇ ਏ ਡੀ ਜੀ ਪੀ, ਆਰ ਐੱਨ ਢੋਕੇ ਦੀ ਨਿਗਰਾਨੀ ਹੇਠ ਡੀ ਐੱਸ ਪੀ ਬਿਕਰਮ ਬਰਾੜ ਦੀ ਅਗਵਾਈ ਵਾਲੀ ਟੀਮ ਨੇ ਇਸ ਰੈਕੇਟ ਦੀ ਜਾਂਚ ਵਿੱਚ ਕਰੀਬ ਦੋ ਦਰਜਨ ਵੱਡੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਦੋਵੇਂ ਜਣੇ 2014 ਤੋਂ ਫਰਾਰ ਸਨ। ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਅਤੇ ਵੱਖ-ਵੱਖ ਮਾਰਗਾਂ ਰਾਹੀਂ ਪਾਕਿਸਤਾਨ ਤੋਂ ਭਾਰੀ ਮਾਤਰਾ ਵਿੱਚ ਹੈਰੋਇਨ ਅਤੇ ਜਾਅਲੀ ਭਾਰਤੀ ਕਰੰਸੀ ਮਿਲੀ ਸੀ। ਇਸ ਕਰ ਕੇ ਡਾਇਰੈਕਟੋਰੇਟ ਰੈਵੇਨਿਊ ਇੰਟੈਲੀਜੈਂਸ, ਰਾਜਸਥਾਨ ਪੁਲਸ ਅਤੇ ਪੰਜਾਬ ਪੁਲਸ ਇਨ੍ਹਾਂ ਦੀ ਭਾਲ ਕਰ ਰਹੀ ਸੀ। ਜੱਗਾ ਅਤੇ ਪਹਿ-ਲਵਾਨ ਦੋਵਾਂ ਨੇ ਢਿੱਲੋਂ ਟਰਾਂਸਪੋਰਟ ਕੰਪਨੀ ਵਿੱਚ ਟਰਾਂਸਪੋਰਟਰਾਂ ਵਜੋਂ ਕੰਮ ਕੀਤਾ ਅਤੇ ਪਿਛਲੇ ਪੰਜ ਸਾਲਾਂ ਦੌਰਾਨ ਗ੍ਰਿਫਤਾਰੀ ਤੋਂ ਬਚਦੇ ਰਹੇ। ਉਨ੍ਹਾਂ ਫਿਰੋਜ਼ਪੁਰ ਜ਼ਿਲੇ ਦੇ ਮੱਖੂ ਵਿੱਚ ਨਵਾਂ ਮਕਾਨ ਖਰੀਦਣ ਨਾਲ ਨਵੀਂ ਦਿੱਲੀ ਤੋਂ ਪੰਜ ਨਵੇਂ ਟਰੱਕ ਖਰੀਦੇ ਸਨ। ਉਨ੍ਹਾਂ ਨੇ ਕੋਟ ਧਰਮ ਚੰਦ, ਜ਼ਿਲਾ ਤਰਨ ਤਾਰਨ ਵਿੱਚ ਤਕਰੀਬਨ ਚਾਰ ਏਕੜ ਖੇਤੀ ਵਾਲੀ ਜ਼ਮੀਨ ਵੀ ਖਰੀਦੀ ਸੀ। ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਵੱਡੇ ਪੈਸਿਆਂ ਦੇ ਲੈਣ-ਦੇਣ ਦਾ ਭੇਦ ਖੁੱਲ੍ਹਾ ਹੈ।

ਮੁੱਢਲੀ ਪੁਛਗਿੱਛ ਵਿੱਚ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਹਵਾਲਾ ਰਾਹੀਂ ਪਾਕਿਸਤਾਨ ਦੇ ਡੀਲਰਾਂ ਤੋਂ ਡਰੱਗ ਮਨੀ ਮਿਲੀ ਸੀ। ਜਗਦੀਪ ਸਿੰਘ ਉਰਫ ਜੱਗਾ 2008 ਤੋਂ ਹੀ ਸਰਹੱਦ ਪਾਰੋਂ ਹੈਰੋਇਨ ਦੀ ਤਸਕਰੀ ਵਿੱਚ ਸ਼ਾਮਲ ਸੀ ਤੇ ਉਦੋਂ ਹੀ ਉਸ ਨੇ ਪਹਿਲੀ ਵਾਰ ਪਾਕਿਸਤਾਨੀ ਸਿਮ ਕਾਰਡਾਂ ਦੀ ਵਰਤੋਂ ਕਰਨੀ ਵੀ ਸ਼ੁਰੂ ਕੀਤੀ ਸੀ। ਉਹ ਉਸੇ ਸਾਲ ਗੁਰਵਿੰਦਰ ਸਿੰਘ ਉਰਫ ਪਹਿਲਵਾਨ ਦੇ ਸੰਪਰਕ ਵਿੱਚ ਆਇਆ ਸੀ। ਜੱਗਾ ਨੇ ਪਾਕਿਸਤਾਨ ਦੇ ਸਿਮ ਕਾਰਡਾਂ ਦੀ ਵਰਤੋਂ ਕਰ ਕੇ ਅਟਾਰੀ ਸਰਹੱਦ ਨੇੜਲੇ ਪਿੰਡ ਰਾਜਾਤਾਲ ਅਤੇ ਮਹਾਵਾ ਡਰੇਨ ਦੇ ਖੇਤਰ ਵਿੱਚ ਜੈਕਾ ਪਹਿਲਵਾਨ ਅਤੇ ਅਬਦ ਅਲੀ (ਦੋਵੇਂ ਪਾਕਿਸਤਾਨੀ) ਕੋਲੋਂ ਨਸ਼ਿਆਂ ਦੀ ਖੇਪ ਪ੍ਰਾਪਤ ਕੀਤੀ। ਐੱਨ ਡੀ ਪੀ ਐੱਸ ਦੇ ਕੇਸਾਂ ਵਿੱਚ ਉਸ ਦੀ ਦੋ ਵਾਰ ਗ੍ਰਿਫਤਾਰੀ ਤੋਂ ਬਾਅਦ ਜੱਗਾ ਨੇ ਅੰਤਰਰਾਸ਼ਟਰੀ ਨੰਬਰ 'ਤੇ ਵਟਸਐਪ ਦੀ ਵਰਤੋਂ ਸ਼ੁਰੂ ਕਰ ਦਿੱਤੀ। ਉਸ ਨੂੰ ਸ਼ੁਰੂ ਵਿੱਚ ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ ਵੱਲੋਂ 13 ਕਿਲੋ ਹੈਰੋਇਨ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਇਸ ਕੇਸ ਵਿੱਚ ਉਸ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ, ਪਰ 2014 ਵਿੱਚ ਉਹ ਪੈਰੋਲ 'ਤੇ ਬਾਹਰ ਆ ਗਿਆ। ਉਸ ਨੂੰ ਜਨਵਰੀ 2015 ਵਿੱਚ 42 ਕਿਲੋ ਹੈਰੋਇਨ ਦੇ ਕੇਸ ਵਿੱਚ ਮੁੜ ਗ੍ਰਿਫਤਾਰ ਕੀਤਾ ਗਿਆ। ਅਕਤੂਬਰ 2015 ਵਿੱਚ ਤਰਨ ਤਾਰਨ ਅਦਾਲਤ ਵਿੱਚ ਪੇਸ਼ੀ ਦੌਰਾਨ ਉਹ ਪੁਲਸ ਹਿਰਾਸਤ ਵਿੱਚੋਂ ਭੱਜ ਗਿਆ ਸੀ ਅਤੇ ਉਦੋਂ ਤੋਂ ਫਰਾਰ ਸੀ।

# ਗੁਰਬਾਣੀ ਕੀਰਤਨ ਦੇ ਪ੍ਰਸਾਰਨ ਦੇ ਹੱਕ ਸਾਰਿਆਂ ਨੂੰ ਦੇਣ ਦੇ ਲਈ ਅਕਾਲ ਤਖਤ ਤੋਂ ਮੰਗ



ਅੰਮ੍ਰਿਤਸਰ, 17 ਫਰਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ 'ਚ ਹੁੰਦੇ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਸਾਰੇ ਟੀ ਵੀ ਚੈਨਲਾਂ ਨੂੰ ਦੇਣ ਦੀ ਮੰਗ ਫਿਰ ਉੱਠ ਖੜੋਤੀ ਹੈ। ਇਸ ਬਾਰੇ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੀ ਅਗਵਾਈ ਹੇਠ ਸਿੱਖ ਆਗੂਆਂ ਦੇ ਇੱਕ ਵਫ਼ਦ ਨੇ ਕੱਲ੍ਹ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਮਿਲ ਕੇ ਇਹ ਮੰਗ ਤੇ ਇੱਕ ਪੱਤਰ ਸੌਂਪਿਆ ਹੈ। ਮੀਡੀਆ ਨਾਲ ਗੱਲ ਦੌਰਾਨ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਉਨ੍ਹਾਂ ਪੱਤਰ ਰਾਹੀਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਪੀਲ ਕੀਤੀ ਹੈ ਕਿ ਦਰਬਾਰ ਸਾਹਿਬ ਵਿੱਚ ਹੁੰਦੇ ਗੁਰਬਾਣੀ ਕੀਰਤਨ ਦੇ ਪ੍ਰਸਾਰਨ ਦਾ ਹੱਕ ਸਿਰਫ਼ ਇੱਕ ਟੀ ਵੀ ਚੈਨਲ ਦੀ ਥਾਂ ਸਾਰੇ ਟੀ ਵੀ ਚੈਨਲਾਂ ਨੂੰ ਦਿੱਤਾ ਜਾਵੇ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਸ ਮਕਸਦ ਲਈ ਲੋੜੀਂਦੇ ਆਦੇਸ਼ ਦੇਣ ਦੀ ਮੰਗ ਕੀਤੀ ਤੇ ਕਿਹਾ ਕਿ 'ਗੁਰਬਾਣੀ ਕੋਈ ਸੰਸਾਰਕ ਵਸਤੂ ਨਹੀਂ ਹੈ, ਜਿਸ ਨੂੰ ਵੇਚਿਆ ਜਾ ਸਕੇ। ਇਹ ਸਮੁੱਚੀ ਮਨੁੱਖਤਾ ਦੇ ਭਲੇ ਲਈ ਸਰਬ-ਸਾਂਝਾ ਸੰਦੇਸ਼ ਹੈ, ਜਿਹੜਾ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਹੁੰਚਣਾ ਚਾਹੀਦਾ ਹੈ।'

ਮੰਤਰੀ ਬਾਜਵਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਰਫ਼ ਇੱਕ ਸੀਮਤ ਪ੍ਰਸਾਰਨ ਘੇਰੇ ਵਾਲੇ ਅਤੇ ਬਾਦਲ ਪਰਵਾਰ ਦੀ ਮਾਲਕੀ ਵਾਲੇ ਟੀ ਵੀ ਚੈਨਲ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਹੱਕ ਦੇਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ, ਸ਼੍ਰੋਮਣੀ ਕਮੇਟੀ ਵਪਾਰਕ ਅਦਾਰਾ ਨਹੀਂ, ਮਿਸ਼ਨਰੀ ਸੰਸਥਾ ਹੈ। ਉਹ ਹਰ ਉਸ ਟੀ ਵੀ ਚੈਨਲ ਜਾਂ ਰੇਡੀਓ ਚੈਨਲ ਨੂੰ ਮੁਫ਼ਤ ਸਿਗਨਲ ਪੇਸ਼ ਕਰੇ, ਜਿਹੜਾ ਮਿੱਥੀ ਮਰਿਆਦਾ ਵਿੱਚ ਰਹਿ ਕੇ ਕਰਨਾ ਚਾਹੁੰਦਾ ਹੈ।' ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿੱਚ ਰਹਿ ਗਏ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰੇ ਲਈ ਜਿਵੇਂ ਅਰਦਾਸ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਸਿੱਖ ਸੰਗਤ ਦੀ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਸੁਣਨ ਦੀ ਵੀ ਇੱਛਾ ਹੈ।

# ਵਲਟੋਹਾ ਵਿਰੁੱਧ ਤ੍ਰੇਹਨ ਕਤਲ ਕੇਸ ਦੀ ਸੁਣਵਾਈ ਛੇ ਮਾਰਚ ਨੂੰ

ਤਰਨ ਤਾਰਨ, 17 ਫਰਵਰੀ (ਪੋਸਟ ਬਿਊਰੋ)- ਇਸ ਜ਼ਿਲੇ ਦੇ ਕਸਬਾ ਪੱਟੀ ਵਿਖੇ 1983 ਦੌਰਾਨ ਡਾ. ਸੁਦਰਸ਼ਨ ਤ੍ਰੇਹਨ ਦੀ ਹੱਤਿਆ ਦੇ ਕੇਸ 'ਚ ਨਾਮਜ਼ਦ ਕੀਤੇ ਹਲਕਾ ਖੇਮਕਰਨ ਦੇ ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਕੱਲ੍ਹ ਐਡੀਸ਼ਨਲ ਸੈਸ਼ਨ ਜੱਜ ਪਰਮਜੀਤ ਕੌਰ ਦੀ ਅਦਾਲਤ ਵਿਖੇ ਪੇਸ਼ ਹੋਏ, ਪਰ ਕਿਸੇ ਵੀ ਗਵਾਹ ਦੇ ਹਾਜ਼ਰ ਨਾ ਹੋਣ ਦੀ ਸੂਰਤ 'ਚ ਅਦਾਲਤ ਨੇ ਅਗਲੀ ਸੁਣਵਾਈ ਲਈ ਛੇ ਮਾਰਚ ਦੀ ਤਰੀਕ ਤੈਅ ਕੀਤੀ ਹੈ। ਵਰਨਣ ਯੋਗ ਹੈ ਕਿ ਇਸ ਕਤਲ ਕੇਸ 'ਚ ਪੁਰਾਣੇ ਤੇ ਨਵੇਂ ਕਰੀਬ 18 ਦੇ ਕਰੀਬ ਸਰਕਾਰੀ ਤੇ ਪ੍ਰਾਈਵੇਟ ਗਵਾਹ ਹਨ, ਜਿਨ੍ਹਾਂ ਦੀ ਗਵਾਹੀ ਉੱਤੇ ਵਿਰਸਾ ਸਿੰਘ ਉਪਰ ਲੱਗੇ ਦੋਸ਼ ਸਾਬਤ ਹੋਣਾ ਜਾਂ ਨਾ ਹੋਣਾ ਨਿਰਭਰ ਕਰਦਾ ਹੈ। ਦੱਸਿਆ ਜਾਂਦਾ ਹੈ ਕਿ 30 ਸਤੰਬਰ 1983 ਸ਼ਾਮ ਨੂੰ ਪੱਟੀ ਦੇ ਰੇਲਵੇ ਰੋਡ ਉਪਰ ਡਾ. ਤ੍ਰੇਹਨ ਹਸਪਤਾਲ ਦੇ ਡਾ. ਸੁਦਰਸ਼ਨ ਤ੍ਰੇਹਨ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਇਸ ਦੇ ਦੋਸ਼ ਹੇਠ ਥਾਣਾ ਸਿਟੀ ਪੱਟੀ ਵਿਖੇ ਬਲਦੇਵ ਸਿੰਘ ਪੁੱਤਰ ਦੀਦਾਰ ਸਿੰਘ ਤੇ ਹਰਦੇਵ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਭੂਰਾ ਕੋਹਨਾ ਜ਼ਿਲ੍ਹਾ ਤਰਨ ਤਾਰਨ ਦੇ ਖ਼ਿਲਾਫ਼ ਕੇਸ ਦਰਜ ਕਰ ਦੋਵਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਨੂੰ ਓਦੋਂ ਜ਼ਿਲ੍ਹਾ ਅੰਮ੍ਰਿਤਸਰ ਹੋਣ ਕਾਰਨ ਓਥੋਂ ਦੀ ਸੈਸ਼ਨ ਕੋਰਟ ਨੇ 1990 ਵਿੱਚ ਬਰੀ ਕਰ ਦਿੱਤਾ ਸੀ।

# ਭਾਰਤੀ ਨੌਜਵਾਨ ਨੇ ਮੱਝਾਂ ਨਾਲ ਪਾਣੀ ਵਿੱਚ ਦੌੜ ਕੇ ਓਸੇਨ ਬੋਲਟ ਦਾ ਵਿਸ਼ਵ ਰਿਕਾਰਡ ਤੋੜਿਆ

*100 ਮੀਟਰ ਦੂਰੀ 9.55 ਸੈਕਿੰਡ ਵਿੱਚ ਪੂਰੀ ਕੀਤੀ



ਨਵੀਂ ਦਿੱਲੀ, 17 ਫਰਵਰੀ, (ਪੋਸਟ ਬਿਊਰੋ)- ਸੰਸਾਰ ਭਰ ਵਿੱਚ 100 ਮੀਟਰ ਦੌੜ ਵਿੱਚ ਵਿਸ਼ਵ ਦੇ ਸਭ ਤੋਂ ਪ੍ਰਸਿੱਧ ਤੇਜ਼ ਐਥਲੀਟ ਓਸੇਨ ਬੋਲਟ ਦਾ ਨਾਂ ਸਾਰੇ ਜਾਣਦੇ ਹਨ। ਓਸੇਨ ਨੇ ਜਦੋਂ ਇਹ ਰਿਕਾਰਡ ਬਣਾਇਆ ਸੀ ਤਾਂ ਉਸ ਵੇਲੇ ਤੋਂ ਕਿਹਾ ਜਾਣ ਲੱਗਾ ਸੀ ਕਿ ਇਹ ਰਿਕਾਰਡ ਕੋਈ ਨਹੀਂ ਤੋੜ ਸਕੇਗਾ, ਪਰ ਭਾਰਤ ਦੇ ਕਰਨਾਟਕ ਰਾਜ ਵਿਚ ਇਕ ਨੌਜਵਾਨ ਨੇ ਇਹ ਰਿਕਾਰਡ ਕੁਝ ਸੈਕਿੰਡ ਦੇ ਫਰਕ ਨਾਲ ਤੋੜ ਦਿੱਤਾ ਹੈ।

ਵਰਨਣ ਯੋਗ ਹੈ ਕਿ ਓਸੇਨ ਬੋਲਟ ਨੇ ਸਭ ਤੋਂ ਤੇਜ਼ ਦੌੜ ਦਾ ਇਹ ਰਿਕਾਰਡ ਸੁੱਕੀ ਜ਼ਮੀਨ ਉੱਤੇ ਇੱਕ ਮੁਕਾਬਲੇ ਵਿੱਚ ਦੌੜ ਕੇ ਬਣਾਇਆ ਸੀ, ਪਰ ਕਰਨਾਟਕ ਦੇ ਨੌਜਵਾਨ ਨੇ ਇਹ ਰਿਕ-ਾਰਡ ਪਾਣੀ ਵਿਚ ਮੱਝਾਂ ਦੇ ਇੱਕ ਜੋੜੇ ਨਾਲ ਦੌੜ ਕੇ ਤੋੜਿਆ ਹੈ। ਇਹ ਆਪਣੇ-ਆਪ ਵਿੱਚ ਇਕ ਅਜੀਬ ਰਿਕਾਰਡ ਹੈ। ਕਰਨਾਟਕ ਵਿੱਚ ਹਰ ਸਾਲ ਕੰਬਾਲਾ (ਭਰੇ ਪਾਣੀ ਵਾਲੀ ਖਾਲੀ ਵਰਗੇ ਟਰੈਕ ਵਿਚ ਮੱਝਾਂ ਨਾਲ ਦੌੜਨਾ) ਦੀ ਖੇਡ ਕਰਾਈ ਜਾਂਦੀ ਹੈ। ਕੰਬਾਲਾ ਕਰਨਾਟਕ ਦੀ ਰਵਾਇਤੀ ਦੌੜ ਹੈ ਅਤੇ ਇਹ ਪੇਂਡੂ ਲੋਕਾਂ ਦੇ ਮਨੋਰੰਜਨ ਦਾ ਬਹੁਤ ਵੱਡਾ ਸਾਧਨ ਹੈ। ਇਸ ਦੌੜ ਵਿੱਚ ਕਰਨਾਟਕ ਦੇ 28 ਸਾਲਾ ਸ੍ਰੀਨਿਵਾਸ ਗੌੜਾ ਨੇ ਹਿੱਸਾ ਲਿਆ ਤੇ ਪਾਣੀ ਵਾਲੇ ਟਰੈਕ ਵਿੱਚ ਮੱਝਾਂ ਨਾਲ ਤੇਜ਼ੀ ਨਾਲ ਦੌੜਦੇ ਹੋਏ ਇਸ ਦੌੜ ਨੂੰ 9.55 ਸੈਕੰਡ ਵਿੱਚ ਪੂਰਾ ਕਰ ਲਿਆ। ਹਾਜ਼ਰ ਲੋਕ ਉਸ ਦੀ ਤੇਜ਼ੀ ਦੇਖ ਕੇ ਦੰਗ ਰਹਿ ਗਏ। ਇਸ ਤਰ੍ਹਾਂ ਸ੍ਰੀਨਿਵਾਸ ਗੌੜਾ ਨੇ ਓਸੇਨ ਬੋਲਟ ਦਾ ਵਿਸ਼ਵ ਰਿਕਾਰਡ ਤੋੜ ਦਿੱਤਾ। ਸ੍ਰੀਨਿਵਾਸ ਨੇ 143 ਮੀਟਰ ਲੰਬੀ ਦੌੜ ਦੇ ਪਹਿਲੇ 100 ਮੀਟਰ ਵਿੱਚ ਆਪਣੀ ਇਹ ਜਿੱਤ ਦਰਜ ਕਰਵਾਈ ਅਤੇ ਉਸ ਨੇ ਪੂਰੀ ਦੌੜ 13.62 ਸੈਕੰਡ ਵਿਚ ਪੂਰੀ ਕੀਤੀ।

ਓਸੇਨ ਬੋਲਟ ਨੂੰ ਦੁਨੀਆ ਦਾ ਸਭ ਤੋਂ ਤੇਜ਼ ਐਥਲੀਟ ਮੰਨਿਆ ਜਾਂਦਾ ਹੈ। ਉਨ੍ਹਾਂ 100 ਮੀਟਰ, 200 ਮੀਟਰ ਤੇ 4 ਗੁਣਾ 100 ਮੀਟਰ ਰਿਲੇਅ ਦੌੜ ਵਿੱਚ ਵਿਸ਼ਵ ਰਿਕਾਰਡ ਬਣਾਇਆ ਹੋਇਆ ਹੈ। ਉਹ ਜਮੈਕਾ ਦੇ ਰਹਿਣ ਵਾਲੇ ਹਨ। 11 ਵਾਰ ਦੌੜ ਵਿੱਚ ਵਿਸ਼ਵ ਚੈਂਪੀਅਨ ਹੋਣ ਦਾ ਰਿਕਾਰਡ ਓਸੇਨ ਬੋਲਟ ਦੇ ਨਾਂ ਹੈ। ਉਨ੍ਹਾਂ ਦੌੜ ਵਿੱਚ 8 ਓਲਪਿੰਕ ਮੈਡਲ ਵੀ ਜਿੱਤੇ ਹਨ। ਬੋਲਟ ਨੇ 100 ਮੀਟਰ ਦੀ ਦੂਰੀ ਵਿੱਚ ਵੀ ਵਿਸ਼ਵ ਰਿਕਾਰਡ 9.58 ਸੈਕੰਡ ਦਾ ਬਣਾਇਆ ਸੀ।

# ਪੁਲਸ ਵਾਲੇ ਦੀ ਪਤਨੀ ਨੇ ਸਟਿੰਗ ਆਪਰੇਸ਼ਨ ਕਰ ਕੇ ਬਲਾਤਕਾਰ ਦੇ ਝੂਠੇ ਕੇਸ ਦੀ ਪੋਲ ਖੋਲ੍ਹੀ

ਸ੍ਰੀ ਮੁਕਤਸਰ ਸਾਹਿਬ, 17 ਫਰਵਰੀ (ਪੋਸਟ ਬਿਊਰੋ)- ਮੁਕਤਸਰ ਸਾਹਿਬ 'ਚ ਪੁਲਸ ਵੱਲੋਂ ਦਰਜ ਕੀਤੇ ਬਲਾਤਕ-ਾਰ ਦੇ ਇੱਕ ਕੇਸ ਨੇ ਇੱਕ ਨਵਾਂ ਮੋੜ ਲਿਆ। ਭਾਰਤ ਵਿੱਚ ਬਲਾਤਕਾਰ ਦੇ ਝੂਠੇ ਕੇਸਾਂ ਵਿੱਚ ਲੜਕਿਆਂ ਦੀ ਮਦਦ ਕਰਨ ਵਾਲੀ ਸੰਸਥਾ ਜਵਾਲਾ ਸ਼ਕਤੀ ਸੰਗਠਨ ਦੇ ਸਹਿਯੋਗ ਨਾਲ ਕੱਲ੍ਹ ਮੁਕਤਸਰ ਸਾਹਿਬ ਵਿਖੇ ਬਲਾਤਕਾਰ ਦੇ ਕੇਸ ਵਿੱਚ ਪੀੜਤ ਦੀ ਪਤਨੀ ਨੇ ਇੱਕ ਸਟਿੰਗ ਆਪਰੇਸ਼ਨ ਕੀਤਾ ਅਤੇ ਮੌਕੇ 'ਤੇ ਮੀਡੀਆ ਕਰਮੀਆਂ ਨੂੰ ਬੁਲਾ ਕੇ ਖੁਲਾਸਾ ਕੀਤਾ ਕਿ ਕਿਸ ਤਰ੍ਹਾਂ ਝੂਠਾ ਕੇਸ ਦਰਜ ਕਰਵਾਉਣ ਵਾਲੀ ਲੜਕੀ ਦਾ ਪਿਤਾ ਪੈਸਿਆਂ ਦੀ ਮੰਗ ਕਰ ਰਿਹਾ ਸੀ।

ਵਰਨਣ ਯੋਗ ਹੈ ਕਿ ਮੁਕਤਸਰ ਸਾਹਿਬ ਦੇ ਥਾਣਾ ਸਿਟੀ ਵਿਖੇ 15 ਜਨਵਰੀ ਨੂੰ ਮਨਿੰਦਰ ਸਿੰਘ ਨਾਂਅ ਦੇ ਇੱਕ ਪੁਲਸ ਮੁਲਾਜ਼ਮ 'ਤੇ ਬਲਾਤਕਾਰ ਦਾ ਕੇਸ ਦਰਜ ਹੋਇਆ ਸੀ। ਮਨਿੰਦਰ ਸਿੰਘ ਜਲੰਧਰ ਵਿਖੇ ਤੈਨਾਤ ਹੈ। ਸ਼ਿਕਾਇਤ



ਕਰਤਾ ਲੜਕੀ ਨੇ ਦੋਸ਼ ਲਾਏ ਸਨ ਕਿ ਮਨਿੰਦਰ ਸਿੰਘ ਨੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਬਲਾਤਕਾਰ ਕੀਤਾ ਹੈ। ਇਸ ਬਾਰੇ ਪੁਲਸ ਨੇ ਮਨਿ-ਦਰ ਸਿੰਘ 'ਤੇ ਕੇਸ ਦਰਜ ਕਰ ਲਿਆ। ਮਨਿੰਦਰ ਸਿੰਘ ਦੀ ਪਤਨੀ ਅਨੁਸਾਰ ਉਸ ਨੂੰ ਵੀ ਸਾਰੀ ਸੱਚਾਈ ਪਤਾ ਸੀ ਤੇ ਇਸ ਲਈ ਉਸ ਨੇ ਆਪਣੇ ਪਤੀ ਦੇ ਹੱਕ ਵਿੱਚ ਖੜ੍ਹਨ ਦਾ ਫੈਸਲਾ ਕੀਤਾ ਅਤੇ ਪੂਰੇ ਕੇਸ ਦੀ ਸੱਚਾਈ ਸਾਹਮਣੇ ਲਿਆਉਣ ਲਈ ਉਸ ਨੇ ਜਵਾਲਾ ਸ਼ਕਤੀ ਸੰਗਠਨ ਦੀ ਸੰਚਾਲਕ ਕਾਜਲ ਜਾਦੌਣ (ਮੱਧ ਪ੍ਰਦੇਸ਼) ਨਾਲ ਸੰਪਰਕ ਕੀਤਾ। ਉਸ ਨੇ ਦੋਸ਼ ਲਾਇਆ ਕਿ ਰਾਜ਼ੀਨਾਮੇ ਲਈ ਲੜਕੀ ਦੇ ਪਰਵਾਰ ਵੱਲੋਂ 15 ਲੱਖ ਰੁਪਏ ਦੀ ਗੱਲਬਾਤ ਕੀਤੀ ਗਈ ਅਤੇ 10 ਲੱਖ ਰੁਪਏ ਵਿੱਚ ਸੌਦਾ ਤੈਅ ਹੋ ਗਿਆ। ਇਸ ਦੌਰਾਨ ਕਾਜਲ ਜਾਦੌਣ ਨੇ ਸ਼ਿਕਾਇਤ ਕਰਤਾ ਦੇ ਪਰਵਾਰ ਨਾਲ ਮਨਿੰਦਰ ਸਿੰਘ ਦੀ ਭੈਣ ਬਣ ਕੇ ਸੰਪਰਕ ਕੀਤਾ ਤੇ ਪੈਸੇ ਦੇਣ ਲਈ ਲੜਕੀ ਦੇ ਪਿਤਾ ਨੂੰ ਸ਼ਹਿਰ ਦੇ ਇੱਕ ਹੋਟਲ ਵਿੱਚ ਬੁਲਾ ਲਿਆ ਅਤੇ ਇਸ ਬਾਰੇ ਮੀਡੀਆ ਨੂੰ ਪਹਿਲਾਂ ਜਾਣੂ ਕਰਵਾ ਦਿੱਤਾ ਗਿਆ ਤੇ ਹੋਟਲ ਦੇ ਕਮਰੇ ਵਿੱਚ ਵੀ ਮੋਬਾਈਲ ਕੈਮਰਾ ਫਿੱਟ ਕਰ ਦਿੱਤਾ ਗਿਆ। ਜਦੋਂ ਲੜਕੀ ਦੇ ਪਿਤਾ ਨੇ ਪੈਸੇ ਗਿਣਨੇ ਸ਼ੁਰੂ ਕੀਤੇ ਤਾਂ ਮੀਡੀਆ ਮੁਲਾਜ਼ਮ ਕਮਰੇ ਅੰਦਰ ਆ ਗਏ। ਕਾਜਲ ਜਾਦੌਣ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਮਰਦਾਂ ਦੇ ਹੱਕ ਵਿੱਚ ਕੰਮ ਕਰਦੀ ਹੈ। ਭਾਰਤ ਵਿੱਚ ਬਲਾਤਕਾਰ ਦੇ ਬਹੁਤ ਝੂਠੇ ਕੇਸ ਦਰਜ ਹੁੰਦੇ ਹਨ। ਮੌਕੇ 'ਤੇ ਪੁੱਜੀ ਪੁਲਸ ਨੇ ਲੜਕੀ ਦੇ ਪਿਤਾ ਨੂੰ ਵੀ ਹਿਰਾਸਤ ਵਿੱਚ ਲੈ ਲਿਆ ਅਤੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton

Marriage

Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202

## ਲੜਕੀ ਦੀ ਲੋੜ

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋਂ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 | +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 | 416-509-7252 | +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ,ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ।ਸੰਪਰਕ ਕਰੋ : 647-994-1985 | 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW

AVTAR UPPAL Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL Barrister,Solicitor

FREE Consultation

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਨਾਲ ਮੇਰੀ ਪਹਿਲੀ ਤੇ ਆਖ਼ਰੀ ਮਿਲਣੀ



ਕੈਪਟਨ ਇਕਬਾਲ ਸਿੰਘ ਵਿਰਕ
416-631-9445

ਇਕ ਫ਼ਰਵਰੀ ਦੇ ਮਨਹੂਸ ਦਿਨ ਪੰਜਾਬੀ ਦੇ ਸਿਰਮੌਰ ਨਾਵਲਕਾਰ ਜਸਵੰਤ ਸਿੰਘ ਕੰਵਲ ਸਾਨੂੰ ਸਾਰਿਆਂ ਨੂੰ ਸਦੀਵੀ-ਵਿਛੋੜਾ ਦੇ ਗਏ ਹਨ। ਬੇਸ਼ਕ, ਉਹ ਹੁਣ ਇਸ ਸੰਸਾਰ ਵਿਚ ਨਹੀਂ ਰਹੇ ਪਰ ਆਪਣੀਆਂ ਬੇਸ਼-ਕੀਮਤੀ ਲਿਖ਼ਤਾਂ ਰਾਹੀਂ ਉਹ ਹਮੇਸ਼ਾ ਸਾਡੇ ਵਿਚ ਰਹਿਣਗੇ। 'ਕੋਤਰੀ' ਨੂੰ ਹੱਥ ਲਾ ਕੇ ਉਹ ਚੰਗੀ ਉਮਰ ਵੀ ਪੁਗਾਅ ਗਏ ਹਨ ਅਤੇ ਆਪਣਾ ਨਾਵਲਾਂ, ਕਹਾਣੀਆਂ ਅਤੇ ਅਖ਼ਬਾਰਾਂ ਵਿਚ ਲਿਖੇ ਗਏ ਛੋਟੇ-ਵੱਡੇ ਲੇਖਾਂ ਦਾ ਵੱਡਾ ਖ਼ਜ਼ਾਨਾ ਵੀ ਪੰਜਾਬੀ ਪਾਠਕਾਂ ਦੇ ਹਵਾਲੇ ਕਰ ਗਏ ਹਨ ਜਿਸ ਤੋਂ ਉਹ ਆਉਂਦੇ ਸਮੇਂ ਵਿਚ ਸੇਧ ਲੈਂਦੇ ਰਹਿਣਗੇ। ਸਾਰੇ ਪੰਜਾਬੀਆਂ ਨੇ ਪੰਜਾਬੀ ਬੋਲੀ ਦੇ ਇਸ ਸਪੂਤ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ। ਇਸ ਛੋਟੇ ਜਿਹੇ ਆਰਟੀਕਲ ਰਾਹੀਂ ਮੈ ਵੀ ਉਸ ਮਹਾਨ ਸ਼ਖ਼ਸੀਅਤ ਨੂੰ ਆਪਣੇ ਵੱਲੋਂ ਸ਼ਰਧਾਂਜਲੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਪੰਜਾਬ ਦੇ ਮੋਗੇ ਜ਼ਿਲੇ ਦਾ ਇਹ ਸਿੱਧਾ-ਸਾਦਾ ਜੱਟ ਲੇਖਕ ਮੈਟ੍ਰਿਕ ਤੋਂ ਵੀ ਘੱਟ ਪੜ੍ਹਿਆ ਸੀ ਪਰ ਉਸ ਦੇ ਨਾਵਲ ਬੀ.ਏ./ ਐਮ.ਏ. ਦੇ ਸਿਲੇਬਸਾਂ ਵਿਚ ਵੀ ਪੜ੍ਹਾਏ ਜਾ ਰਹੇ ਹਨ ਅਤੇ ਕਈਆਂ ਨੇ ਇਨ੍ਹਾਂ ਉੱਪਰ ਪੀ.ਐਚ.ਡੀ. ਵੀ ਕੀਤੀ ਹੈ ਤੇ ਹੁਣ ਵੀ ਕਰ ਰਹੇ ਹਨ।। ਆਪਣੇ ਆਰਟੀਕਲਾਂ ਵਿਚ ਕੰਵਲ ਜੋ ਵੀ ਲਿਖ ਗਿਆ, ਉਵੇਂ ਹੀ ਹੋਇਆ ਅਤੇ ਹੁਣ ਵੀ ਉਵੇਂ ਹੀ ਹੋ ਰਿਹਾ ਹੈ। ਇਸ ਲਈ ਜੇਕਰ ਮੈਂ ਉਸ ਨੂੰ ਕੋਈ 'ਜੋਤਸ਼ੀ-ਲਿਖਾਰੀ' ਵੀ ਆਖਾਂ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਉਸ ਨੇ ਦੇਸ਼ ਦੇ ਬਟਵਾਰੇ ਬਾਰੇ ਲਿਖਿਆ, ਪੰਜਾਬ ਵਿਚ ਉੱਭਰੀ ਕਮਿਊਨਿਸਟ ਲਹਿਰ ਬਾਰੇ ਲਿਖਿਆ ਤੇ ਇੱਥੇ ਜ਼ੋਰਾਂ-ਸ਼ੋਰਾਂ ਨਾਲ ਚੱਲੀ ਨਕਸਲੀ ਲਹਿਰ ਬਾਰੇ ਵੀ ਲਿਖਿਆ। ਇਸ ਵਿਚਲੀ ਖਾੜਕੂਵਾਦ ਅਤੇ ਖ਼ਾਲਿਸਤਾਨੀ ਲਹਿਰ ਬਾਰੇ ਵੀ ਲਿਖਿਆ। ਆਪਣੀਆਂ ਲਿਖਤਾਂ ਵਿਚ ਉਸ ਨੇ ਸਾਨੂੰ ਸਮਝਾਇਆ ਕਿ ਚੰਗਾ ਕੀ ਹੈ ਤੇ ਮਾੜਾ ਕੀ ਹੈ। ਕੁਝ ਵੀ ਲਿਖਣ ਲੱਗਿਆਂ ਉਹ ਕਦੇ ਵੀ ਡਰਿਆ ਨਹੀਂ। ਉਸ ਨੇ ਜੋ ਕੁਝ ਵੀ ਲਿਖਿਆ, ਧੜੱਲੇਦਾਰ ਲਿਖਿਆ। ਮੈਨੂੰ ਤਾਂ ਕਈ ਵਾਰ ਇੰਜ ਲੱਗਦਾ ਹੈ ਜਿਵੇਂ ਉਹ ਜੋ ਕੁਝ ਲਿਖੀ ਗਿਆ, ਉਹ ਉਂਜ ਹੀ ਹੁੰਦਾ ਗਿਆ। ਫਿਰ ਮੈਂ ਉਸ ਨੂੰ 'ਜੋਤਸ਼ੀ-ਲਿਖਾਰੀ' ਨਾ ਆਖਾਂ ਤਾਂ ਕੀ ਆਖਾਂ? ਮਿਸਾਲ ਵਜੋਂ, ਜੇਕਰ ਕੰਵਲ ਦੇ ਨਾਵਲ 'ਰੁੜ੍ਹ ਚੱਲਿਆ ਪੰਜਾਬ' ਦੀ ਗੱਲ ਕਰੀਏ ਜਿਸ ਵਿਚ ਉਸ ਨੇ ਪੰਜਾਬ ਦੇ ਉਸ ਸਮੇਂ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਨਾ 57 ਤੋਂ ਸ਼ੁਰੂ ਹੋ ਕੇ 16 ਸਫ਼ਿਆਂ ਦੀ 'ਖੁੱਲ੍ਹੀ-ਚਿੱਠੀ' ਲਿਖੀ ਹੈ ਤਾਂ ਇਹ ਚਿੱਠੀ ਪੜ੍ਹ ਕੇ ਪਾਠਕ ਖ਼ੁਦ ਇਸ ਦੇ ਬਾਰੇ ਅੰਦਾਜ਼ਾ ਲਾ ਸਕਦੇ ਹਨ ਕਿ ਉਹ ਕਿੰਨਾ ਵੱਡਾ ਜੋਤਸ਼ੀ ਸੀ।



ਫ਼ਰਵਰੀ 2018 ਵਿਚ ਮੈਨੂੰ ਕੰਵਲ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਪੂਰੇ ਚਾਰ ਘੰਟੇ ਅਸੀਂ ਦੋਹਾਂ ਨੇ ਬੜੀਆਂ ਹੀ ਗੱਲਾਂ ਕੀਤੀਆਂ। ਇਸ ਦੌਰਾਨ ਮੈਂ ਉਸ ਨੂੰ ਤਿੰਨ ਸੁਆਲ ਵੀ ਕੀਤੇ। ਮੇਰਾ ਪਹਿਲਾ ਸੁਆਲ ਸੀ, "ਕੀ ਬਾਦਲ ਸਾਹਿਬ ਨੇ ਤੁਹਾਡੇ ਉਸ ਨਾਵਲ ਵਿਚਲੀ ਚਿੱਠੀ ਦਾ ਜੁਆਬ ਦਿੱਤਾ? ਕੰਵਲ ਦਾ ਜੁਆਬ ਸੀ, "ਬਿਲਕੁਲ ਨਹੀਂ।"

ਮੇਰਾ ਦੂਸਰਾ ਸੁਆਲ ਸੀ, "ਤੁਸੀਂ ਜਦੋਂ ਸ਼੍ਰੋਮਣੀ ਕਮੇਟੀ ਵਿਚ ਮੁਲਾਜ਼ਮ ਸੀ ਤਾਂ ਵਾਕਿਆ ਈ ਤੁਹਾਡੀ ਤਨਖ਼ਾਹ 90 ਰੁਪਏ ਮਹੀਨਾ ਸੀ?" ਤੇ ਇਸ ਦਾ ਜੁਆਬ ਕੰਵਲ ਵੱਲੋਂ "ਹਾਂ" ਵਿਚ ਸੀ। ਇਸ 'ਤੇ ਅੱਗੇ ਗੱਲ ਕਰਦਿਆਂ ਮੈਂ ਉਸ ਨੂੰ ਦੱਸਿਆ ਕਿ ਉਸ ਸਮੇਂ ਭਾਰਤੀ ਫ਼ੌਜ ਵਿਚ ਸਿਪਾਹੀ ਵਜੋਂ ਨੌਕਰੀ ਕਰਦਿਆਂ ਮੇਰੀ ਤਨਖ਼ਾਹ ਸਾਢੇ ਅਠੱਤੀ ਰੁਪਏ ਸੀ।

ਇਸ ਗੱਲਬਾਤ ਦੌਰਾਨ ਮੇਰਾ ਤੀਸਰਾ ਸੁਆਲ ਸੀ, "ਚਾਰ ਮਹੀਨੇ ਹੋ ਗਏ ਆ, ਮੈਨੂੰ ਪੰਜਾਬ ਆਏ ਨੂੰ। ਇਨ੍ਹਾਂ ਚੌਹਾਂ ਮਹੀਨਿਆਂ ਵਿਚ ਮੈਨੂੰ 'ਅਜੀਤ' ਅਖ਼ਬਾਰ ਵਿਚ ਤੁਹਾਡੀ ਕੋਈ ਵੀ ਲਿਖਤ ਨਜ਼ਰੀਂ ਨਹੀਂ ਪਈ। ਪਹਿਲਾਂ ਤਾਂ ਬਹੁਤ ਛਪਦੀਆਂ ਸਨ। ਕੀ ਕਾਰਨ ਹੈ?" ਤਾਂ ਉਸ ਨੇ ਕਿਹਾ, "ਸਾਧੂ ਸਿੰਘ ਹਮਦਰਦ ਤੋਂ ਬਾਅਦ ਬਰਜਿੰਦਰ ਨੂੰ ਮੈਂ ਹੀ ਦਿੱਲੀ ਤੋਂ ਲੈ ਕੇ ਆਇਆ ਸਾਂ। ਪਹਿਲਾਂ ਇਹ ਪਿਓ-ਪੁੱਤ ਆਪਸ ਵਿਚ ਸਹਿਮਤ ਨਹੀਂ ਸਨ। ਅੱਜਕੱਲ੍ਹ, ਪਤਾ ਨਹੀਂ ਇਹ ਮੇਰੀਆਂ ਲਿਖ਼ਤਾਂ ਕਿਉਂ ਨਹੀਂ ਛਾਪ ਰਿਹੈ। ਇਸ ਦੇ ਬਾਰੇ ਤਾਂ ਓਹੀ ਦੱਸ ਸਕਦੈ।" ਹੋਰ ਗੱਲਾਂ ਕਰਦਿਆਂ ਕੰਵਲ ਨੇ ਦੱਸਿਆ ਕਿ ਉਸ ਨੇ ਆਜ਼ਾਦੀ ਤੋਂ ਪਹਿਲਾਂ ਵੀ ਕਈ ਮਹੀਨੇ ਜੇਲ੍ਹ ਕੱਟੀ ਅਤੇ ਆਜ਼ਾਦੀ ਤੋਂ ਬਾਅਦ ਵੀ ਕੁਝ ਮਹੀਨੇ ਫਿਰੋਜ਼ਪੁਰ ਜੇਲ੍ਹ ਵਿਚ ਰਿਹਾ ਹੈ।

ਕਾਸ਼! ਜੇਕਰ ਕੰਵਲ ਦੀਆਂ ਲਿਖ਼ਤਾਂ ਉੱਪਰ ਪੰਜਾਬ ਸਰਕਾਰ ਨੇ ਅਮਲ ਕਰ ਲਿਆ ਹੁੰਦਾ ਤਾਂ ਅੱਜ ਤੱਕ ਪੰਜਾਬ ਦਾ ਜੋ ਨੁਕਸਾਨ ਹੋਇਆ ਹੈ, ਸ਼ਾਇਦ ਉਹ ਹੋਣੋਂ ਬਚ ਜਾਂਦਾ। ਮੈਨੂੰ ਕੰਵਲ ਦੇ ਕੋਲ ਕੋਈ ਵੀ ਬਾਡੀ-ਗਾਰਡ ਨਜ਼ਰ ਨਹੀਂ ਪਿਆ। ਉਸ ਦਿਨ ਜਦੋਂ ਮੈਂ ਉਸ ਦੇ ਪਿੰਡ ਢੁੱਡੀਕੇ ਉਸ ਨੂੰ ਮਿਲਣ ਗਿਆ ਤਾਂ ਉਸ ਦੇ ਲੜਕੇ ਨੇ ਮੈਨੂੰ ਦੂਰੋਂ ਹੀ ਵਾਚਿਆ ਕਿ ਇਹ ਬੰਦਾ ਕੌਣ ਹੋ ਸਕਦਾ ਹੈ ਜੋ 35 ਕਿਲੋਮੀਟਰ ਤੋਂ ਚੱਲ ਕੇ ਮਿਲਣ ਆਇਆ ਹੈ। ਫਿਰ ਉਸ ਨੇ ਕੰਵਲ ਕੋਲ ਜਾ ਕੇ ਉਸ ਨੂੰ ਮੇਰੇ ਬਾਰੇ ਦੱਸਿਆਂ ਅਤੇ ਉਸ ਦੇ ਕਹਿਣ 'ਤੇ ਮੈਨੂੰ ਬੁਲਾ ਕੇ ਅੰਦਰ ਲੈ ਗਿਆ। ਚਾਰ ਘੰਟੇ ਦੀ ਉਸ ਖ਼ੂਬਸੂਰਤ ਯਾਦਗਾਰੀ ਮੁਲਾਕਾਤ ਤੋਂ ਬਾਅਦ ਕੰਵਲ ਸਾਹਿਬ ਮੈਨੂੰ ਬਾਹਰ ਗੱਡੀ ਤੀਕ ਤੋਰਨ ਆਏ ਅਤੇ ਜੱਫ਼ੀ ਪਾ ਕੇ ਮਿਲੇ। ਬਾਹਰ ਸੱਥ ਵਿਚ ਬੈਠੇ ਕੁਝ ਲੋਕ ਤਾਸ਼ ਖੇਡ ਰਹੇ ਸਨ। ਉਹ ਵੀ ਹੈਰਾਨ ਸਨ ਕਿ ਇਹ ਬੰਦਾ ਕੌਣ ਹੋ ਸਕਦਾ ਹੈ ਜਿਸ ਨੂੰ ਕੰਵਲ ਆਪ ਬਾਹਰ ਤੀਕ ਛੱਡਣ ਆਇਆ ਹੈ। ਇਹ ਉਸ ਮਹਾਨ ਲੇਖਕ ਦਾ ਵਡੱਪਣ ਹੀ ਸੀ ਕਿ ਉਹ ਮੇਰੇ ਵਰਗੇ ਆਮ ਜਿਹੇ ਬੰਦੇ ਨੂੰ ਤੋਰਨ ਲਈ ਆਇਆ।

... ਤੇ ਕੰਵਲ ਸਾਹਿਬ ਨਾਲ ਇਹ ਮੇਰੀ ਪਹਿਲੀ ਤੇ ਆਖ਼ਰੀ ਮੁਲਾਕਾਤ ਸੀ। ਕਾਸ਼! ਉਸ ਦੇ ਨਾਲ ਅਜਿਹੀ ਇਕ ਮੁਲਾਕਾਤ ਹੋਰ ਕਰਨ ਦਾ ਮੌਕਾ ਮਿਲ ਜਾਂਦਾ।

(ਤਰਤੀਬ: ਡਾ. ਸੁਖਦੇਵ ਸਿੰਘ ਝੰਡ)

# 'ਇਕ ਦੇਸ਼-ਇਕ ਰਾਸ਼ਨ ਕਾਰਡ' ਯੋਜਨਾ ਛੇਤੀ ਹੀ ਲਾਗੂ ਹੋਵੇਗੀ : ਰਾਓ



ਅੰਮ੍ਰਿਤਸਰ, 17 ਫਰਵਰੀ (ਗਿਆਨ ਸਿੰਘ): 'ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ ਵਿਚ ਵੱਡੇ ਪੱਧਰ ਉਤੇ ਸੁਧਾਰ ਕਰਨ ਜਾ ਰਹੀ ਹੈ, ਜਿਸ ਲਈ 'ਇਕ ਦੇਸ਼-ਇਕ ਰਾਸ਼ਨ ਕਾਰਡ' ਯੋਜਨਾ ਨੂੰ ਛੇਤੀ ਹੀ ਲਾਗੂ ਕੀਤਾ ਜਾਵੇਗਾ। ਇਸ ਨਾਲ ਕੋਈ ਵੀ ਨਾਗਰਿਕ ਦੇਸ਼ ਭਰ ਵਿਚੋਂ ਕਿਸੇ ਵੀ ਰਾਸ਼ਨ ਡੀਪੂ ਤੋਂ ਆਪਣੇ ਹਿੱਸੇ ਦਾ ਅਨਾਜ ਲੈ ਸਕੇਗਾ।' ਉਕਤ ਸਬਦਾਂ ਦਾ ਪ੍ਰਗਟਾਵਾ ਕੇਂਦਰੀ ਰਾਜ ਮੰਤਰੀ ਖਪਤਕਾਰ ਮਾਮਲੇ, ਖੁਰਾਕ ਤੇ ਜਨਤਕ ਵੰਡ ਪ੍ਰਣਾਲੀ ਰਾਓ ਸਾਹਿਬ ਪਟੇਲ ਦਨਵੀ ਨੇ ਅੰਮ੍ਰਿਤਸਰ ਵਿਖੇ ਪ੍ਰੈਸ ਨਾਲ ਗੱਲਬਾਤ ਕਰਦੇ ਕੀਤਾ। ਸਥਾਨਕ ਹੋਟਲ ਵਿਚ ਕਣਕ ਦੀ ਖਰੀਦ ਸਬੰਧੀ ਫੂਡ ਸਪਲਾਈ, ਮਾਰਕਫੈਡ, ਪਨਸਪ, ਵੇਅਰ ਹਾਊਸ ਆਦਿ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਨ ਲਈ ਪੁੱਜੇ ਰਾਓ ਨੇ ਦੱਸਿਆ ਕਿ ਉਕਤ ਯੋਜਨਾ ਨੂੰ ਲਾਗੂ ਕਰਨ ਲਈ ਦੇਸ਼ ਭਰ ਵਿਚ 12 ਕਲਟਰ ਬਣਾਏ ਜਾ ਚੁੱਕੇ ਹਨ ਅਤੇ ਆਉਣ ਵਾਲੇ ਕੁੱਝ ਦਿਨਾਂ ਵਿਚ ਇਸ ਉਤੇ ਕੰਮ ਸ਼ੁਰੂ ਹੋ ਜਾਵੇਗਾ। ਉਨਾਂ ਕਿਹਾ ਇਹ ਕਾਰਡ ਬਣਨ ਨਾਲ ਦੇਸ਼ ਭਰ ਵਿਚ ਪ੍ਰਵਾਸ ਕਰਦੇ ਸਮੇਂ ਕਿਸੇ ਨੂੰ ਵੀ ਨਵੇਂ ਰਾਸ਼ਨ ਕਾਰਡ ਦੀ ਲੋੜ ਨਹੀਂ ਪਵੇਗੀ, ਬਲਕਿ ਉਹ ਕਾਰਡ ਹਰ ਥਾਂ ਚੱਲੇਗਾ।

ਕਣਕ ਦੀ ਖਰੀਦ ਬਾਰੇ ਬੋਲਦੇ ਰਾਓ ਨੇ ਦੱਸਿਆ ਕਿ ਦੇਸ਼ ਭਰ ਵਿਚ 332 ਲੱਖ ਮੀਟਰਕ ਟਨ ਕਣਕ ਦੀ ਖਰੀਦ ਕੀਤੀ ਜਾਂਦੀ ਹੈ, ਜਿਸ ਵਿਚੋਂ ਲਗਭਗ 129 ਲੱਖ ਮੀਟਰਕ ਟਨ ਕਣਕ ਪੰਜਾਬ ਤੋਂ ਹੁੰਦੀ ਹੈ। ਇਸੇ ਤਰਾਂ 416 ਲੱਖ ਮੀਟਰਕ ਟਨ ਝੋਨਾ ਦੇਸ਼ ਭਰ ਵਿਚੋਂ ਖਰੀਦ ਕੀਤਾ ਜਾਂਦਾ ਹੈ, ਜਿਸ ਵਿਚੋਂ 113 ਲੱਖ ਮੀਟਰਕ ਟਨ ਪੰਜਾਬ ਦਾ ਹਿੱਸਾ ਹੈ। ਉਨਾਂ ਕਿਹਾ ਕਿ ਇਸ ਵੇਲੇ ਕਣਕ ਦੀ ਖਰੀਦ ਚਾਲੂ ਹੋਣ ਵਾਲੀ ਹੈ ਅਤੇ ਅਸੀਂ ਕਣਕ ਦੀ ਖਰੀਦ ਅਤੇ ਭੰਡਾਰ ਬਾਬਤ ਪੰਜਾਬ ਦੇ ਅਧਿਕਾਰੀਆਂ ਨਾਲ ਵਿਚਾਰ-ਚਰਚਾ ਕੀਤੀ ਹੈ। ਉਨਾਂ ਦੱਸਿਆ ਕਿ ਦੇਸ਼ ਭਰ ਵਿਚ ਕਣਕ ਦੇ ਭੰਡਾਰ ਲਈ 100 ਲੱਖ ਮੀਟਰਕ ਟਨ ਦੇ ਸਾਇਲੋ ਬਣ ਰਹ ਹਨ ਅਤੇ ਸਾਡਾ ਟੀਚਾ 700 ਲੱਖ ਮੀਟਰਕ ਟਨ ਦੇ ਸਾਇਲੋ ਬਨਾਉਣ ਦਾ ਹੈ। ਰਾਓ ਨੇ ਦੱਸਿਆ ਕਿ ਸਰਕਾਰ ਦੇਸ਼ ਭਰ ਵਿਚ ਕਰੀਬ 79 ਕਰੋੜ ਲੋਕਾਂ ਨੂੰ 2 ਰੁਪਏ ਕਿਲੋ ਕਣਕ ਤੇ 3 ਰੁਪਏ ਕਿਲੋ ਚੌਲ ਜਨਤਕ ਵੰਡ ਪ੍ਰਣਾਲੀ ਰਾਹੀਂ ਦੇ ਰਹੀ ਹੈ ਅਤੇ ਹਰੇਕ ਰਾਜ ਕੋਲ ਇਸ ਦਾ ਵਾਧੂ ਸਟਾਕ ਦਿੱਤਾ ਜਾਂਦਾ ਹੈ। ਇਸ ਮੌਕੇ ਫੂਡ ਸਪਲਾਈ ਕਾਰਪੋਰੇਸ਼ਨ ਦੇ ਜਨਰਲ ਮੈਨੇਜਰ ਅਰਸ਼ਦੀਪ ਸਿੰਘ ਥਿੰਦ ਨੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਦੱਸ ਕੇ ਕਣਕ ਦੇ ਭੰਡਾਰ ਛੇਤੀ ਖਾਲੀ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਨਵੀਂ ਕਣਕ ਦੀ ਖਰੀਦ ਕੀਤੀ ਜਾ ਸਕੇ। ਡਾਇਰੈਕਟਰ ਖੁਰਾਕ ਸਪਲਾਈ ਅਨਿੰਦਤਾ ਮਿਤਰਾ ਨੇ ਪੰਜਾਬ ਵਿਚ ਜਨਤਕ ਵੰਡ ਪਨਾਲੀ ਬਾਬਤ ਵਿਸਥਾਰ ਵਿਚ ਦੱਸਿਆ।





ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

CALL TODAY FOR ANY CLASSIFIED OR MATRIMONIAL AD !!!
905-793-2202

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara) 647-710-7760 Email: info@gf1security.com
1085 Bellamy Rd (N) Unit #210 Scarbrough (Toronto) 647-929-7736 Web: www.gf1security.com
REVIVE EMS
CANADIAN RED CROSS Training Partner

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services: • Complete Basement • Tiles • Bathrooms • Plumbing • Laminate • Hardwood Floor • Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL

KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਫਿਲਮੀ ਦੁਨੀਆ

## ਸਲਮਾਨ ਨਾਲ ਜੋੜੀ ਬਣਾਏਗੀ ਪੂਜਾ ਹੇਗੜੇ



ਬਾਲੀਵੁੱਡ ਦੇ ਦਬੰਗ ਸਟਰਾ ਸਲਮਾਨ ਖਾਨ ਤੇ ਪੂਜਾ ਹੇਗੜੇ ਦੀ ਜੋੜੀ ਸਿਲਵਰ ਸਕਰੀਨ 'ਤੇ ਇਕੱਠੀ ਨਜ਼ਰ ਆ ਸਕਦੀ ਹੈ। ਪਿਛਲੇ ਦਿਨੀਂ ਸਲਮਾਨ ਖਾਨ ਨੇ ਆਪਣੀ ਅਗਲੀ ਫਿਲਮ 'ਕਭੀ ਈਦ ਕਭੀ ਦੀਵਾਲੀ' ਦਾ ਐਲਾਨ ਕੀਤਾ ਸੀ। ਇਸ ਬਾਰੇ ਸਲਮਾਨ ਦੇ ਪ੍ਰਸ਼ੰਸਕ ਕਾਫੀ ਉਤਸ਼ਾਹਤ ਹਨ। ਸਾਜਿਦ ਨਾਡਿਆਡਵਾਲਾ ਨੇ ਦੱਸਿਆ ਕਿ ਰਿਤਿਕ ਰੋਸ਼ਨ ਦੇ ਆਪੋਜ਼ਿਟ 'ਮੋਹਨਜੋਦੜੋ' ਨਾਲ ਬਾਲੀਵੁੱਡ ਡੈਬਿਊ ਕਰਨ ਵਾਲੀ ਪੂਜਾ ਹੇਗੜੇ ਪਹਿਲੀ ਵਾਰ ਸਲਮਾਨ ਖਾਨ ਨਾਲ ਦਿਖਾਈ ਦੇਵੇਗੀ। ਸਾਜਿਦ ਨੇ ਕਿਹਾ ਕਿ ਹਾਲ ਹੀ ਵਿੱਚ 'ਹਾਊਸਫੁੱਲ 4' ਵਿੱਚ ਪੂਜਾ ਨਾਲ ਕੰਮ ਕਰਨ ਤੋਂ ਬਾਅਦ ਸਾਨੂੰ ਅਹਿਸਾਸ ਹੋਇਆ ਕਿ ਇਸ ਫਿਲਮ ਲਈ ਉਹ ਪ੍ਰਫੈਕਟ ਹੈ। ਉਸ ਦਾ ਸਕਰੀਨ ਪ੍ਰੈਜ਼ੈਂਸ ਗਜ਼ਬ ਦਾ ਹੈ ਅਤੇ ਸਲਮਾਨ ਨਾਲ ਉਸ ਦੀ ਜੋੜੀ ਚੰਗੀ ਲੱਗੇਗੀ। ਇਹ ਜੋੜੀ ਕਹਾਣੀ 'ਚ ਫ੍ਰੈਸ਼ਨੈੱਸ ਲਿਆਏਗੀ। ਦੱਸਿਆ ਜਾ ਰਿਹਾ ਹੈ ਕਿ ਇਹ ਫੈਮਿਲੀ ਡਰਾਮਾ ਫਿਲਮ ਹੋਵੇਗੀ, ਜਿਸ ਦਾ ਨਿਰਦੇਸ਼ਨ ਫਰਹਾਦ ਸਾਮਜੀ ਕਰਨਗੇ ਅਤੇ ਇਹ ਈਦ 2021 'ਤੇ ਰਿਲੀਜ਼ ਹੋਵੇਗੀ। ਸਾਜਿਦ ਨੇ ਕਿਹਾ ਕਿ ਪਹਿਲੀ ਵਾਰ ਸਲਮਾਨ ਦੀ 'ਜੁੜਵਾ' ਈਦ ਮੌਕੇ ਰਿਲੀਜ਼ ਹੋਈ ਸੀ। ਇਥੋਂ ਤੱਕ ਕਿ ਮੇਰੀ ਡਾਇਰੈਕਸ਼ਨ 'ਚ ਬਣੀ 'ਕਿੱਕ' ਵੀ ਈਦ 'ਤੇ ਹੀ ਰਿਲੀਜ਼ ਹੋਈ ਸੀ।

## 'ਭੁਜ: ਦ ਪ੍ਰਾਈਡ ਆਫ ਇੰਡੀਆ' ਵਿੱਚ ਮਾਂ ਦਾ ਕਿਰਦਾਰ ਇਹਾਨਾ ਨਿਭਾਏਗੀ



ਅਜੈ ਦੇਵਗਨ ਸਟਾਰਰ ਅਗਲੀ ਫਿਲਮ 'ਭੁਜ : ਪ੍ਰਾਈਡ ਆਫ ਇੰਡੀਆ' ਵਿੱਚ ਅਭਿਨੇਤਰੀ ਇਹਾਨਾ ਢਿੱਲੋਂ ਮਾਂ ਦੇ ਕਿਰਦਾਰ ਵਿੱਚ ਨਜ਼ਰ ਆਏਗੀ। ਅਭਿਸ਼ੇਕ ਦੁਧੱਈਆ ਦੇ ਨਿਰਦੇਸ਼ਨ ਵਾਲੀ ਇਹ ਫਿਲਮ 1971 ਵਿੱਚ ਭਾਰਤ-ਪਾਕਿ ਜੰਗ ਵਿੱਚ ਭਾਰਤ ਨੂੰ ਰਣਨੀਤਕ ਲਾਭ ਦਿਵਾਉਣ ਵਿੱਚ ਮਹੱਤਵ ਪੂਰਨ ਭੂਮਿਕਾ ਨਿਭਾਉਣ ਵਾਲੀ ਗੁਜਰਾਤ ਦੇ ਕੱਛ ਜ਼ਿਲੇ ਦੇ ਮਾਧਪਾਰ ਪਿੰਡ ਦੀਆਂ ਤਿੰਨ ਸੌ ਬਹਾਦਰ ਔਰਤਾਂ ਦੀ ਕਹਾਣੀ ਦਿਖਾਈ ਜਾਏਗੀ।

ਫਿਲਮ ਵਿੱਚ ਸੋਨਾਕਸ਼ੀ ਸਿਨਹਾ ਅਤੇ ਐਮੀ ਵਿਰਕ ਵੀ ਹਨ। ਇਸ ਫਿਲਮ ਦੇ ਬਾਰੇ ਗੱਲ ਕਰਦੇ ਹੋਏ ਇਹਾਨਾ ਨੇ ਕਿਹਾ, ਫਿਲਮ ਦੀ ਸਕ੍ਰਿਪਟ ਬੇਹੱਦ ਸ਼ਾਨਦਾਰ ਹੈ ਅਤੇ ਹਵਾਈ ਫੌਜ ਅਧਿਕਾਰੀ ਦਾ ਕਿਰਦਾਰ ਨਿਭਾਉਣਾ ਮੇਰੇ ਲਈ ਬਿਲਕੁਲ ਨਵਾਂ ਅਨੁਭਵ ਹੈ। ਇਹ ਚੁਣੌਤੀ ਪੂਰਨ ਹੈ। ਮੇਰੇ ਡਾਇਰੈਕਟਰ ਅਭਿਸ਼ੇਕ ਜੀ ਇਸ ਨੂੰ ਲੈ ਕੇ ਬਿਲਕੁਲ ਸਪੱਸ਼ਟ ਸਨ। ਫਿਲਮ ਵਿੱਚ 1971 ਵਿੱਚ ਔਰਤਾਂ ਦੀ ਆਜ਼ਾਦੀ ਦੇ ਬਾਰੇ ਵਿੱਚ ਦਿਖਾਇਆ ਗਿਆ ਹੈ।

## ਮੈਨੂੰ ਸਮਝਣਾ ਆਸਾਨ ਨਹੀਂ ਹੈ : ਸਾਰਾ ਅਲੀ ਖਾਨ



ਸਾਲ 2009 ਵਿੱਚ ਰਿਲੀਜ਼ ਇਮਤਿਆਜ਼ ਅਲੀ ਦੇ ਨਿਰਦੇਸ਼ਨ ਵਾਲੀ ਫਿਲਮ 'ਲਵ ਆਜਕੱਲ੍ਹ' ਵਿੱਚ ਦੋ ਅਲੱਗ ਅਲੱਗ ਦੌਰ ਵਿੱਚ ਪਿਆਰ ਨੂੰ ਦਰਸਾਇਆ ਗਿਆ ਸੀ। ਉਸ ਵਿੱਚ ਸੈਫ ਅਲੀ ਖਾਨ ਪ੍ਰਮੁੱਖ ਭੂਮਿਕਾ ਵਿੱਚ ਸਨ। ਫਿਰ 11 ਸਾਲ ਬਾਅਦ ਇਮਤਿਆਜ਼ ਅਲੀ ਹੀ 'ਲਵ ਆਜਕੱਲ੍ਹ' ਲੈ ਕੇ ਆਏ ਹਨ। ਉਸ ਵਿੱਚ ਸੈਫ ਦੀ ਬੇਟੀ ਸਾਰਾ ਅਲੀ ਖਾਨ ਮੇਨਲੀਡ ਵਿੱਚ ਹੈ। ਸਾਰਾ ਦਾ ਕਹਿਣਾ ਹੈ ਕਿ ਇਹ ਸੀਕਵਲ ਨਹੀਂ। ਇਸ ਵਾਰ ਫਿਲਮ ਵਿੱਚ ਮੌਜੂਦਾ ਦੌਰ ਅਤੇ 1990 ਦੇ ਦਹਾਕੇ ਦੇ ਪਿਆਰ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਉਸ ਦੇ ਬਾਅਦ ਸਾਰਾ 'ਕੁਲੀ ਨੰਬਰ 1' ਵਿੱਚ ਵਰੁਣ ਧਵਨ ਦੇ ਨਾਲ ਕਾਮੇਡੀ ਕਰਦੀ ਦਿੱਸੇਗੀ। ਆਨੰਦ ਐਲ ਰਾਏ ਦੀ ਫਿਲਮ ਵਿੱਚ ਅਕਸ਼ੈ ਕੁਮਾਰ ਤੇ ਧਨੁਸ਼ ਦੇ ਨਾਲ ਸਕਰੀਨ ਸ਼ੇਅਰ ਕਰਨ ਦਾ ਮੌਕਾ ਵੀ ਉਸ ਨੂੰ ਮਿਲ ਰਿਹਾ ਹੈ। ਪੇਸ਼ ਹਨ ਇਸ ਸਿਲਸਿਲੇ ਵਿੱਚ ਸਾਰਾ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਇਹ 'ਲਵ ਆਜਕੱਲ੍ਹ' ਕਰਨਾ ਕਿੰਨਾ ਮੁਸ਼ਕਲ ਰਿਹਾ?

– ਮੇਰੀ ਅਤੇ ਪਾਪਾ ਦੀ ਫਿਲਮ ਵਿੱਚ 11 ਸਾਲ ਦਾ ਫਾਸਲਾ ਹੈ। ਦਸ ਸਾਲ ਵਿੱਚ ਕਾਫੀ ਬਦਲਾਅ ਆ ਜਾਂਦੇ ਹਨ। ਮੌਜੂਦਾ ਸਮੇਂ ਵਿੱਚ ਪਿਆਰ ਕਾਫੀ ਬਦਲ ਗਿਆ ਹੈ। ਅੱਜ ਦੀਆਂ ਔਰਤਾਂ ਕਾਫੀ ਬਦਲ ਗਈਆਂ ਹਨ। ਉਹ ਆਤਮ ਨਿਰਭਰ ਹੋ ਰਹੀਆਂ ਹਨ। ਅਸੀਂ ਮੌਜੂਦਾ ਸਮੇਂ ਵਿੱਚ ਪਿਆਰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ। ਸਕ੍ਰਿਪਟ ਸੁਣਦੇ ਸਮੇਂ ਜਾਂ ਰਿਲੀਜ਼ ਦੇ ਸਮੇਂ ਬਿਲਕੁਲ ਮੈਂ ਸੀਕਵਲ ਦਾ ਪ੍ਰੈਸ਼ਰ ਨਹੀਂ ਲੈਣਾ ਚਾਹੁੰਦੀ। ਮੈਂ ਸਪੱਸ਼ਟ ਕਰਨਾ ਚਾਹੁੰਦੀ ਹਾਂ ਕਿ ਇਹ ਸੀਕਵਲ ਨਹੀਂ ਹੈ। ਇਹ ਫ੍ਰੈਸ਼ ਕਹਾਣੀ ਹੈ। ਪ੍ਰੇਮ 'ਤੇ ਕਹਾਣੀਆਂ ਬਣਦੀਆਂ ਆਈਆਂ ਹਨ ਤੇ ਬਣਦੀਆਂ ਰਹਿਣਗੀਆਂ। ਦਸ ਸਾਲ ਬਾਅਦ ਜੇ ਇਮਤਿਆਜ਼ ਅਲੀ ਫਿਰ 'ਲਵ ਆਜਕੱਲ੍ਹ' ਬਣਾਉਣਗੇ ਤਾਂ ਹੈਰਾਨੀ ਦੀ ਗੱਲ ਨਹੀਂ ਹੋਵੇਗੀ।

* ਪਾਪਾ ਸੈਫ ਅਲੀ ਖਾਨ ਦੀ ਫਿਲਮ ਨਾਲ ਕਿਸ ਤਰ੍ਹਾਂ ਦਾ ਲਗਾਅ ਰਿਹਾ ਹੈ?

– ਮੈਂ ਉਸ ਫਿਲਮ ਨੂੰ ਕਈ ਵਾਰ ਦੇਖਿਆ ਹੈ। ਮੈਨੂੰ ਇਮਤਿਆਜ਼ ਅਲੀ ਦੀਆਂ ਸਾਰੀਆਂ ਫਿਲਮਾਂ ਬਹੁਤ ਪਸੰਦ ਰਹੀਆਂ। ਉਹ ਆਪਣੇ ਕਿਰਦਾਰਾਂ ਨੂੰ ਬਹੁਤ ਖੂਬਸੂਰਤੀ ਨਾਲ ਦਰਸਾਉਂਦੇ ਹਨ। ਉਸ ਦੀਆਂ ਗਹਿਰਾਈਆਂ ਜਾਂਦੇ ਹਨ। ਸੱਚ ਦੱਸਾਂ ਤਾਂ ਮੈਂ ਇਸ ਫਿਲਮ ਦੀ ਸਕ੍ਰਿਪਟ ਨਹੀਂ ਪੜ੍ਹੀ ਸੀ। ਜਦ ਇਮਤਿਆਜ਼ ਸਰ ਦਾ ਫੋਨ ਆਇਆ ਕਿ ਮੈਨੂੰ ਆਪਣੀ ਫਿਲਮ ਵਿੱਚ ਲੈਣਾ ਚਾਹੁੰਦੇ ਹਨ, ਮੈਂ ਤੁਰੰਤ ਹਾਂ ਕਰ ਦਿੱਤੀ ਸੀ। ਉਸ ਦੇ ਬਾਅਦ ਜਦ ਮੈਨੂੰ ਪਤਾ ਲੱਗਾ ਕਿ ਰੋਮਾਂਟਿਕ ਫਿਲਮ ਕਰ ਰਹੇ ਹਨ ਤਾਂ ਸਵਾਲਾਂ ਦੀ ਗੁੰਜਾਇਸ਼ ਹੀ ਨਹੀਂ ਸੀ। ਉਸ ਦੇ ਬਾਅਦ ਵਰਕਸ਼ਾਪ ਦੌਰਾਨ ਉਹ ਸੀਨ ਸਮਝਾਉਂਦੇ ਤਾਂ ਫਿਲਮ ਕਰਨ ਦੀ ਉਤਸੁਕਤਾ ਵਧਦੀ ਗਈ।

* ਫਿਲਮ ਵਿੱਚ ਤੁਹਾਡਾ ਕਿਰਦਾਰ ਜ਼ੁਈ ਕਰੀਅਰ ਬਾਰੇ ਜਨੂੰਨੀ ਹੈ। ਤੁਸੀਂ ਉਸ ਨਾਲ ਕਿੰਨਾ ਮੇਲ ਖਾਂਦੇ ਹੋ?

– ਜ਼ੁਈ ਦੇ ਕਿਰਦਾਰ ਤੋਂ ਮੈਂ ਬੇਹੱਦ ਵੱਖ ਹਾਂ। ਉਹ ਜਿਵੇਂ ਨਾਲ ਗੱਲਾਂ ਕਰਦੀ ਹੈ, ਗਾਲਾਂ ਕੱਢਦੀ ਹੈ, ਉਸ ਦੀ ਲੜਕਿਆਂ ਨਾਲ ਜਿਵੇਂ ਰਿਲੇਸ਼ਨਸ਼ਿਪ ਹੈ, ਮੈਂ ਉਹੋ ਜਿਹੀ ਬਿਲਕੁਲ ਨਹੀਂ ਹਾਂ। ਮੈਂ ਥੋੜ੍ਹਾ ਪੁਰਾਣੇ ਸਕੂਲ ਤੋਂ ਹਾਂ। ਮੈਂ ਪਿਆਰ ਨੂੰ ਲੈ ਕੇ ਫਲੈਸ਼ਬੈਕ ਵਿੱਚ ਦਿਖਾਏ ਜਾ ਰਹੇ ਲੀਨਾ ਦੇ ਕਿਰਦਾਰ ਵਾਂਗ ਹਾਂ। ਜ਼ੁਈ ਨੂੰ ਚੀਜ਼ਾਂ ਆਸਾਨੀ ਨਾਲ ਪ੍ਰਭਾਵਤ ਕਰ ਜਾਂਦੀਆਂ ਹਨ। ਉਸ ਵਿੱਚ ਬਿਲਕੁਲ ਧੀਰਜ ਨਹੀਂ ਹੈ। ਉਹ ਤੁਰੰਤ ਪ੍ਰਤੀਕਿਰਿਆ ਦਿੰਦੀ ਹੈ। ਅਚਾਨਕ ਚੀਜ਼ਾਂ ਕਰ ਦਿੰਦੀ ਹੈ। ਮੇਰੇ ਨਾਲ ਉਹੋ ਜਿਹਾ ਬਿਲਕੁਲ ਨਹੀਂ ਹੈ। ਮੈਨੂੰ ਲੱਗਦਾ ਹੈ ਕਿ ਮੇਰੇ ਅੰਦਰ ਕਾਫੀ ਧੀਰਜ ਹੈ। ਬੱਸ ਇਹ ਬਰਕਰਾਰ ਰਹੇ। ਪਰ ਹਾਂ, ਜ਼ੁਈ ਬਹੁਤ ਮਜ਼ਬੂਤ ਕਰੀਅਰ ਬਣਾਉਣਾ ਚਾਹੁੰਦੀ ਹੈ। ਫਿਲਮ ਵਿੱਚ ਇੱਕ ਸੀਨ ਵਿੱਚ ਉਹ ਕਹਿੰਦੀ ਹੈ ਕਿ ਆਪਣੇ ਕਰੀਅਰ ਨੂੰ ਇੰਨਾ ਮਜ਼ਬੂਤ ਬਣਾਉਣਾ ਚਾਹੁੰਦੀ ਹਾਂ ਕਿ ਜ਼ਿੰਦਗੀ ਵਿੱਚ ਕਦੇ ਕਿਸੇ 'ਤੇ ਨਿਰਭਰ ਨਾ ਰਹਿਣਾ ਪਵੇ। ਉਹ ਡਾਇਲਾਗ ਬੋਲਦੇ ਸਮੇਂ ਮੈਂ ਐਕਟਿੰਗ ਨਹੀਂ ਕੀਤੀ ਹੈ। ਉਸ ਨੂੰ ਮੈਂ ਦਿਲ ਦੀ ਗਹਿਰਾਈ ਨਾਲ ਬੋਲਿਆ ਹੈ। ਮੈਂ ਕੁਦ ਉਸ ਲਾਈਨ ਵਿੱਚ ਗਹਿਰਾਈ ਨਾਲ ਯਕੀਨ ਰੱਖਦੀ ਹਾਂ।

* ਔਰਤਾਂ ਦੀ ਆਤਮ ਨਿਰਭਰਤਾ 'ਤੇ ਕਾਫੀ ਫਿਲਮਾਂ ਬਣ ਰਹੀਆਂ ਹਨ। ਤੁਹਾਡੀ ਸੋਚ ਵਿੱਚ ਕੀ ਬਦਲਾਅ ਆਇਆ ਹੈ?

– ਮੈਂ ਹਮੇਸ਼ਾ ਤੋਂ ਆਤਮ ਨਿਰਭਰ ਬਣਨ ਦੀ ਹਮਾਇਤੀ ਰਹੀ ਹਾਂ। ਮੇਰੀ ਮਾਂ ਸਿੰਗਲ ਮਦਰ ਰਹੀ ਹੈ। ਮੈਂ ਅਮਰੀਕਾ ਵਿੱਚ ਇਕੱਲੇ ਰਹਿ ਕੇ ਪੜ੍ਹਾਈ ਕੀਤੀ ਹੈ। ਕਰੀਅਰ ਬਣਾਉਣ ਦੀ ਕੋਸ਼ਿਸ਼ ਵਿੱਚ ਹਾਂ। ਮੇਰੀ ਮਾਂ 'ਕਾਵਿਆਂਜਲੀ' ਸੀਰੀਅਲ ਕਰ ਰਹੀ ਸੀ ਤਾਂ ਉਨ੍ਹਾਂ ਦਾ ਪਾਪਾ ਨਾਲ ਤਲਾਕ ਹੋਇਆ। ਉਸ ਵੇਲੇ ਮਾਂ ਨੂੰ ਆਪਣੀ ਦੇਖਭਾਲ ਕਰਨੀ ਸੀ। ਉਦੋਂ ਹੀ ਸਮਝ ਆ ਗਿਆ ਕਿ ਸਾਨੂੰ ਆਪਣੀ ਦੇਖਭਾਲ ਖੁਦ ਕਰਨੀ ਹੁੰਦੀ ਹੈ। ਮੇਰੀ ਮਾਂ ਅੱਜ ਵੀ ਆਤਮ ਨਿਰਭਰ ਹੈ। ਉਨ੍ਹਾਂ ਨੂੰ ਦੇਖ ਕੇ ਮੈਨੂੰ ਆਤਮ ਨਿਰਭਰ ਹੋਣ ਦਾ ਮਹੱਤਵ ਸਮਝ ਆਈ ਸੀ। ਮੌਜੂਦਾ ਸਮੇਂ ਵਿੱਚ ਆਰਥਿਕ ਆਤਮਨਿਰਭਰਤਾ ਬਹੁਤ ਜ਼ਰੂਰੀ ਹੈ।

* ਪਿਆਰ ਬਾਰੇ ਤੁਹਾਡੀ ਸੋਚ ਕੀ ਰਹੀ ਹੈ?


– ਮੈਂ ਦਿਲ ਤੋਂ ਕਾਫੀ ਰੋਮਾਂਟਿਕ ਹਾਂ। ਨਾਲ ਹੀ ਪ੍ਰੈਕਟੀਕਲ ਵੀ ਹਾਂ। ਜੇ ਮੈਂ 'ਲਵ ਆਜਕੱਲ੍ਹ' ਦੀ ਗੱਲ ਕਰਾਂ ਤਾਂ ਜਦ ਟ੍ਰੇਲਰ ਦੇਖ ਕੇ ਫਲੈਸ਼ਬੈਕ ਦਾ ਪਿਆਰ ਦੇਖ ਕੇ ਲੱਗਦਾ ਹੈ ਕਿ ਇਹੀ ਸਹੀ ਹੈ। ਫਿਰ ਮੌਜੂਦਾ ਹਿੱਸਾ ਦੇਖ ਕੇ ਲੱਗਦਾ ਹੈ ਕਿ ਕਿੰਨਾ ਅਸਲ ਹੈ। ਚੀਜ਼ਾਂ ਨੂੰ ਲੈ ਕੇ ਤੁਹਾਡਾ ਨਜ਼ਰੀਆ ਬਦਲਦਾ ਰਹਿੰਦਾ ਹੈ। ਮੈਨੂੰ ਇੰਨਾ ਪਤਾ ਹੈ ਕਿ ਜਦ ਪਿਆਰ ਹੋਵੇਗਾ ਤਾਂ ਮੈਨੂੰ ਅਹਿਸਾਸ ਹੋ ਜਾਏਗਾ। ਫਿਲਹਾਲ ਮੈਨੂੰ ਪਿਆਰ ਨਹੀਂ ਹੋਇਆ ਹੈ। ਮੇਰਾ ਫੋਕਸ ਸਿਰਫ ਕੰਮ 'ਤੇ ਹੈ, ਪਰ ਰਿਸ਼ਤਿਆਂ ਵਿੱਚ ਠਹਿਰਾਅ ਬਹੁਤ ਜ਼ਰੂਰੀ ਹੈ। ਮੈਂ ਆਪਣੀ ਜ਼ਿੰਦਗੀ ਵਿੱਚ ਅਜਿਹਾ ਸ਼ਖਸ ਚਾਹਾਂਗੀ, ਜੋ ਮੇਰੇ ਕੰਮ ਅਤੇ ਪਿਆਰ ਨੂੰ ਸਪੋਰਟ ਕਰੇ। ਮੇਰੀ ਆਪਣੀ ਰਾਇ ਹੁੰਦੀ ਹੈ। ਮੈਨੂੰ ਸਮਝਣਾ ਆਸਾਨ ਨਹੀਂ ਹੁੰਦਾ।

* 'ਅਤਰੰਗੀ ਰੇ' ਵਿੱਚ ਕਿਸ ਅਵਤਾਰ ਵਿੱਚ ਦਿਸੋਗੇ?

– ਮੈਂ ਆਨੰਦ ਐੱਲ ਰਾਏ ਦੀ ਫੈਨ ਹਾਂ। ਉਨ੍ਹਾਂ ਦੀਆਂ ਫਿਲਮਾਂ ਵਿੱਚ ਔਰਤਾਂ ਦਾ ਕਿਰਦਾਰ ਬਹੁਤ ਗੰਭੀਰਤਾ ਨਾਲ ਲਿਖਿਆ ਜਾਂਦਾ ਹੈ। ਇਹੀ ਗੱਲ ਮੈਨੂੰ ਬਹੁਤ ਵਧੀਆ ਲੱਗਦੀ ਹੈ। ਮੈਂ ਖੁਸ਼ਕਿਸਮਤ ਹਾਂ ਕਿ ਅਜਿਹੇ ਡਾਇਰੈਕਟ ਨਾਲ ਕੰਮ ਕਰਨ ਦਾ ਮੌਕਾ ਮਿਲ ਰਿਹਾ ਹੈ, ਜੋ ਔਰਤਾਂ ਨੂੰ ਸਕਰੀਨ 'ਤੇ ਖੂਬਸੂਰਤੀ ਨਾਲ ਦਰਸਾਉਂਦੇ ਹਨ। ਇਮਤਿਆਜ਼ ਅਲੀ ਨੇ ਦਿੱਲੀ ਦੀ ਲੜਕੀ ਦੇ ਪਿਆਰ ਨੂੰ ਖੂਬਸੂਰਤੀ ਨਾਲ ਦਰਸਾਇਆ ਹੈ। 'ਅਤਰੰਗੀ ਰੇ' ਕਿਸ 'ਤੇ ਆਧਾਰਤ ਹੈ, ਅਜੇ ਨਹੀਂ ਦੱਸ ਸਕਦੀ, ਪਰ ਇੱਕ ਲੜਕੀ ਦੀ ਕਹਾਣੀ ਨੂੰ ਬਹੁਤ ਖੂਬਸੂਰਤੀ ਨਾਲ ਦਰਸਾਇਆ ਗਿਆ ਹੈ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor) LED Pot Lights ਲਗਵਾਉਣ 'ਤੇ DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

